ਬਾਈਕਾਟ

(ਸਾਖੀਆਂ)

ਕਿੱਥੇ ਕੀ?

ਚੀਨੀ ਵਾਲਾ

"ਸਰਦਾਰ ਜੀ! ਕਲਿਜੁਗ!! ਅੰਨ੍ਹੇਰ!!! ਸੰਸਾਰ ਤਾਂ ਰੁੜ੍ਹਨ ਤੇ ਆ ਗਿਆ ਏ", ਸ: ਮੰਗਲ ਸਿੰਘ ਬਿਸ਼ਨ ਪੁਰੀਏ ਨੂੰ ਇਹ ਸ਼ਬਦ ਵੱਡੀ ਹਵੇਲੀ ਦੇ ਸਾਹਮਣੇ ਤਖਤ ਤੇ ਬੈਠੇ ਨੂੰ ਉਹਨਾਂ ਦੇ ਟਹਿਲੂਏ ਨੇ ਕਹੇ।

ਸ: ਮੰਗਲ ਸਿੰਘ - "ਕੀ ਗੱਲ ਏ? ਜ਼ਰਾ ਖੋਲ੍ਹ ਕੇ ਦੱਸ।"

ਟਹਿਲੂਆ - "ਸਰਦਾਰ ਜੀ ਕੀ ਦੱਸਾਂ। ਕਮੀਣਾਂ ਸਿੰਗ ਮਿੱਟੀ ਚੁੱਕ ਲਈ ਏ। ਠੰਡੀ ਦੁੱਧੀਂ ਫੂਕਾਂ ਮਾਰ ਰਹੇ ਹਨ।"

ਸ: ਮੰਗਲ ਸਿੰਘ - "ਕੁਝ ਪਤਾ ਵੀ ਲੱਗੇ ਕਿ ਐਵੇਂ ਵਾਵੀਆਂ ਟੋਢੀਆਂ ਮਾਰੀ ਜਾਵੇਂਗਾ?"

ਟਹਿਲੂਆ - "ਸਰਦਾਰ ਸਾਹਿਬ! ਤੁਹਾਨੂੰ ਇਹਨਾਂ ਗੱਲਾਂ ਨਾਲ ਕੀ ਲੱਗੇ। ਤੁਹਾਨੂੰ ਰੱਬ ਨੇ ਸਭ ਕੁਝ ਦਿੱਤਾ ਏ। ਤੁਸੀਂ ਰੱਜ ਕੇ ਸਵੋਂ, ਰੱਜ ਕੇ ਉਠੋ। ਮੱਤ ਤਾਂ ਉਹਨਾਂ ਦੀ ਮਾਰੀ ਹੋਈ ਹੈ, ਜਿਹੜੇ ਹਮਾਤੜ, ਨਾਲੇ ਘਰੋਂ ਦੇਂਦੇ ਨੇ, ਨਾਲੇ ਨੱਕ ਰਗੜਦੇ ਨੇ।"

ਸਰਦਾਰ - "ਬੱਕੇਂਗਾ ਵੀ। ਕੁਝ ਪੱਲੇ ਵੀ ਪੈਣ ਦੇਵੇਂਗਾ?"

ਟਹਿਲੂਆ - " ਤਰਖਾਣ! ਤਰਖਾਣ!! ਤਰਖਾਣ!!! ਗੁਰੂ ਭੈਣੀ ਵਿਚ। ਧੰਨ ਸਤਿਗੁਰੂ! ਧੰਨ ਸਤਿਗੁਰੂ!! ਧੰਨ ਸਤਿਗੁਰੂ ਕਹਿੰਦਿਆਂ ਮਰਦ ਜ਼ਨਾਨੇ ਨੱਠੇ ਜਾਂਦੇ ਨੇ। ਕੋਈ ਕਹਿੰਦਾ ਹੈ, ਇਹ ਰੱਬ ਏ। ਕੋਈ ਕਹਿੰਦਾ ਏ, ਇਹ ਗੁਰੂ ਨਾਨਕ ਏ। ਕੋਈ ਕਹਿੰਦਾ ਏ, ਇਹ ਰੱਬ ਏ। ਮੂਰਖ ਲੋਕੀਂ, ਭੇਡ ਚਾਲ।

ਦੂਜਾ ਟਹਿਲੂਆ - (ਘੋੜੀ ਨੂੰ ਮਾਲਸ਼ ਕਰਦਿਆਂ) "ਆਹੋ ਸਰਦਾਰ ਜੀ! ਸੁਣਿਆ ਤਾਂ ਮੈਂ ਵੀ ਏਵੇਂ ਏ। ਏਸ ਗੁਰੂ ਦੀ ਚਰਚਾ ਆਮ ਏ। ਮੈਨੂੰ ਤਾਂ ਇਹ ਵੀ ਪਤਾ ਲੱਗਾ ਏ, ਕਿ ਉਹਦੇ ਸਾਹਮਣੇ ਜੋ ਜਾਂਦਾ ਹੈ, ਉਹ ਵੀ ਫਸ ਜਾਂਦਾ ਏ ਬੜਾ ਕਰਾਮਾਤੀ ਏ।"

ਸਰਦਾਰ - "ਹਾਂ ਭਾਈ! ਤੁਹਾਡੀਆਂ ਗੱਲਾਂ ਕੂੜ ਨਹੀਂ ਜਾਪਦੀਆਂ। ਮੈਂ ਵੀ ਸੁਣਿਆ ਹੈ, ਪਰ ਐਵੇਂ ਅਫਵਾਹਾਂ ਤਾਂ ਨਹੀ? ਲੋਕਾਂ ਦੀ ਆਦਤ ਹੈ ਕਿ ਉਹ ਖੁੰਭਾਂ ਦੀਆਂ ਡਾਰਾ? ਤੇ ਰਾਈ ਦਾ ਪਹਾੜ ਬਣਾ ਦੇਂਦੇ ਹਨ।"

ਟਹਿਲੂਆ - "ਨਹੀਂ! ਨਹੀਂ!! ਸਰਦਾਰ ਜੀ!!! ਜੋ ਮੈਂ ਕਿਹਾ ਏ, ਜੇ ਇਸ ਵਿਚ ਰੱਤੀ ਭਰ ਕੂੜ ਹੋਵੇ, ਤਾਂ ਮੇਰਾ ਨੱਕ ਵੱਢ ਦੇਣਾ। ਭੋਲੇ ਲੋਕ ਜਾਂਦੇ ਨੇ ਤੇ ਫਸ ਜਾਂਦੇ ਨੇ।"

ਸ: ਮੰਗਲ ਸਿੰਘ - "ਭਾਈ! ਜਦ ਤਾਈਂ ਨਾ ਵੇਖੀਏ ਆਪਣੀ ਨੈਣੀ, ਤਦ ਤਾਈਂ ਨਾ ਪਤੀਜੀਏ ਗੁਰ ਕੀ ਬੈਣੀ। ਜੇ ਇਹ ਠੀਕ ਹੋਵੇ ਤਾਂ ਇਸ

ਜਾਲ ਨੂੰ ਤੋੜਨਾ ਚਾਹੀਦਾ ਹੈ। ਭੋਲੇ ਭਾਲੇ ਲੋਕਾਂ ਨੂੰ ਬਚਾਉਣਾ ਚਾਹੀਦਾ ਹੈ। ਇਹ ਤਾਂ ਬੜਾ ਪੁੰਨ ਹੈ।"

ਦੂਜਾ ਟਹਿਲੂਆ - (ਘੋੜੀ ਅੱਗੇ ਮੱਖਣ ਰਖਦਿਆਂ) "ਜੇ ਸਰਦਾਰ ਜੀ, ਤੁਸੀਂ ਇਸ ਪਖੰਡ ਨੂੰ ਰੋਕੋ ਤਾਂ ਹੋਰ ਚਾਹੀਦਾ ਕੀ ਏ। ਤੁਸੀਂ ਇਸ ਨੂੰ ਠੱਲ੍ਹ ਪਾਓ।"

ਸਰਦਾਰ - "ਚੰਗਾ ਭਾਈ! ਕੱਲ੍ਹ ਨੂੰ ਚਲੀਏ ਤੇ ਵੇਖੀਏ ਤੇ ਸਹੀ ਉਸ ਤਰਖਾਣ ਵਿਚ ਕੀ ਵਾਧਾ ਏ। ਇਕ ਵਾਰੀ ਤਾਂ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿਖੇੜ ਦਿਆਂਗਾ।"

ਟਹਿਲੂਆ - (ਇਕ ਮਸਤਾਨੇ ਨੂੰ ਲੰਘਦਾ ਵੇਖ) "ਸਰਦਾਰ ਜੀ! ਸਰਦਾਰ ਜੀ!! ਔਹ ਕਮਲਾ ਜਿਹਾ ਉਸ ਦਾ ਇਕ ਚੇਲਾ ਜਾਂਦਾ ਏ। ਉਸ ਨੂੰ ਵੇਖ ਲਵੋ। ਕੁਝ ਉਸ ਤੋਂ ਵੀ ਪੁੱਛ ਲਵੋ। 'ਭਾਈ! ਭਾਈ'!! ਜ਼ਰਾ ਏਧਰੋਂ ਦੀ ਲੰਘਦਾ ਜਾਵੀਂ।"

ਮਸਤਾਰਨਾ ਉੱਚੀ ਉੱਚੀ ਪੜ੍ਹਦਾ ਏ:-

"ਉਹਨਾਂ ਦਾ ਜਨਮ ਮਰਨ ਹੈ ਦੂਰ,
ਜਿਨ੍ਹਾਂ ਨੇ ਦਰਸ਼ਨ ਪਾ ਲਏ ਨੇ।
ਜਿਨ੍ਹਾਂ ਨੇ ਦਰਸ਼ਨ ਪਾ ਲਏ ਨੇ।
ਜਿਨ੍ਹਾਂ ਨੇ ਨੈਣ ਲਗਾ ਲਏ ਨੇ।
ਉਹਨਾਂ ਦਾ ਜਨਮ ਮਰਨ ਹੈ............।
ਗੁਰੂ ਰਾਮ ਸਿੰਘ ਪੂਰਾ, ਦੁੱਖਾਂ ਦਾ ਕਰਦਾ ਚੂਰਾ ਚੂਰਾ,
ਉਹ ਊਣਿਆਂ ਨੂੰ ਕਰਦਾ ਪੂਰਾ,
ਜਿਹੜੇ ਸਰਨੀ ਆ ਗਏ ਨੇ,
ਉਹਨਾਂ ਦਾ ਜਨਮ ਮਰਨ ਹੈ ਦੂਰ............।"

ਸ: ਮੰਗਲ ਸਿੰਘ - "ਭਾਈ ਸਿਖਾ ਤੂੰ ਵੀ ਤਰਖਾਣ ਦਾ ਸਿੱਖ ਏਂ।"

ਮਸਤਾਨਾ - (ਮਸਤਾਨੀ ਦਸ਼ਾ ਵਿਚ) "ਹਾਂ ਸਰਦਾਰਾ, ਮੈਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸਿੱਖ ਹਾਂ। ਮੇਰੇ ਧਨ ਭਾਗ। ਮੇਰੀ ਸੁੱਤੀ ਕਿਸਮਤ ਜਾਗ ਪਈ। ਜਦੋਂ ਮੈਂ ਉਸ ਤਰਖਾਣ ਦੇ ਦਰਸ਼ਨ ਕੀਤੇ, ਮੇਰੇ ਖੋਟੇ ਕਰਮ ਭਸਮ ਹੋ ਗਏ। ਮੇਰਾ ਕੋੜ੍ਹ ਦੂਰ ਹੋ ਗਿਆ। ਮੇਰੇ ਸਰੀਰ ਵਿਚੋਂ ਗੰਦ ਮੰਦ ਨਿਕਲ ਗਿਆ। ਮੈਂ ਇਤਨਾ ਵਿਭਚਾਰੀ ਤੇ ਮੰਦ ਕਰਮੀ ਸਾਂ ਕਿ ਧਰਮ ਰਾਜ ਵੀ ਮੈਨੂੰ ਦੂਰੋਂ ਹੀ ਧਿਰਕਾਰਦਿਆਂ ਨਰਕੀਂ ਪਾਉਣ ਵਾਸਤੇ ਜਮਦੂਤਾਂ ਨੂੰ ਹੁਕਮ ਦੇਣਾ ਸੀ, ਮਗਰ ਮੈਨੂੰ ਇਸ ਗੁਰੂ ਦੇ ਦਰਸ਼ਨਾਂ ਨੇ ਵਸੇ ਬੱਦਲਾਂ ਨਾਲੋਂ ਵੀ ਹੌਲਾ ਫੁੱਲ ਕਰ ਦਿੱਤਾ। ਪੌਣ ਮੇਰਾ ਮੁਕਾਬਲਾ ਨਹੀਂ ਕਰ ਸਕਦੀ। ਇਹ ਮੇਰੇ ਏਸੇ ਗੁਰੂ ਦੀ ਕਿਰਪਾ ਹੈ, ਜਿਸ ਨੂੰ ਤਰਖਾਣ ਆਖ ਰਿਹਾ ਏਂ। ਹੈ ਤਾਂ ਇਹ ਤਰਖਾਣ, ਜ਼ਰੂਰ, ਪਰ ਇਹ ਗੱਲ ਯਾਦ ਰੱਖੀਂ, ਇਹ ਓਹੀ ਕਾਰੀਗਰ ਹੈ, ਜਿਸ ਧਰਤ ਆਕਾਸ਼ ਬਣਾਏ ਹੋਏ ਨੇ, ਜਿਸ ਸੂਰਜ ਚੰਨ ਘੜੇ ਹੋਏ ਨੇ, ਜਿਸ ਪੌਣ ਪਾਣੀ

ਰਚਿਆ ਹੋਇਆ ਏ, ਜਿਸ ਅਜੋੜ ਤੱਤਾਂ ਨੂੰ ਜੋੜ ਕੇ ਇਹ ਮਾਨਸ ਪੁਤਲਾ ਘੜਿਆ ਹੋਇਆ ਏ, ਤੇ ਹੁਣ ਸੰਸਾਰ ਦੇ ਵਿੰਗ ਟੇਢ ਕੱਢ ਕੇ ਮਨੁੱਖ ਨੂੰ ਮਨੁੱਖ ਬਣਾਉਣ ਆਇਆ ਹੋਇਆ ਏ। ਸਰਦਾਰਾ! ਵੇਖੀਂ ਕਿਤੇ ਸਰਦਾਰੀ ਦੀ ਬੋ ਵਿਚ ਨਾ ਰਹੀਂ, ਜਾ ਦਰਸ਼ਨ ਕਰ ਤੇ ਜਨਮ ਸਵਾਰ ਲੈ.... ਉਹਨਾਂ ਦਾ ਜਨਮ ਮਰਨ ਹੈ ਦੂਰ'' ....ਕਹਿੰਦਾ ਕਹਿੰਦਾ ਮਸਤਾਨਾ ਅੱਗੇ ਰਵਾਨਾ ਹੋਇਆ ਤਾਂ ਟਹਿਲੂਏ ਨੇ ਕਿਹਾ, ''ਵੇਖਿਆ ਜੇ ਸਰਦਾਰ ਜੀ! ਕੈਸਾ ਜਾਦੂ ਏ?'' ਚੰਗਾ ਭਾਈ, ਜੋ ਹੋਵੇ ਸੋ ਹੋਵੇ ਓਸ ਤਰਖਾਣ ਦੀ ਗੁਰਿਆਈ ਨਾ ਕੱਢੀ ਤਾਂ ਉਹ ਕੀ ਆਖੇਗਾ।'' ਮੰਗਲ ਸਿੰਘ ਨੇ ਬੜੇ ਰੋਅਬ ਨਾਲ ਕਿਹਾ।

(2)

ਲੁਧਿਆਣਿਉਂ ਸਮਰਾਲੇ ਨੂੰ ਜਾਂਦੀ ਪੱਕੀ ਸੜਕ ਤੋਂ ਉਤਰ ਲਾਟੋ ਦੇ ਕੋਲੋਂ ਪੰਜ-ਸੱਤ ਘੋੜ ਸਵਾਰ ਤੱਛੇ ਮੁੱਛੇ ਆਪਣੇ ਚਮਾਰ ਸੇਵਕਾਂ ਨਾਲ ਸ੍ਰੀ ਭੈਣੀ ਸਾਹਿਬ ਨੂੰ ਜਾ ਰਹੇ ਹਨ। ਸਭ ਤੋਂ ਮੂਹਰੇ ਸ: ਮੰਗਲ ਸਿੰਘ, ਮੋਟੇ ਨੇਤਰ, ਲੰਮਾ ਤੇ ਭਾਰਾ ਸਰੀਰ, ਚੀਰਿਆ ਦਾੜ੍ਹਾ, ਸਿਰ ਤੇ ਘੋਟਵੀਂ ਪੱਗ, ਜਿਸ ਦਾ ਪਿਛਲਾ ਲੜ ਪਿੱਛੋਂ ਦੀ ਟੰਗਿਆ ਹੋਇਆ, ਘੁਟਵਾਂ ਪਜਾਮਾ, ਪੈਰੀਂ ਜ਼ਰਈ ਜੁੱਤੀ, ਮੋਢੇ ਤੇ ਬੰਦੂਕ, ਹੱਥ ਬੈਂਤ ਦੀ ਚਾਂਦੀ ਦੀ ਮੁੱਠ ਵਾਲੀ ਛੜੀ, ਮੱਖਣ ਦੀ ਪਲੀ ਚੀਨੀ ਘੋੜੀ ਤੇ ਸਵਾਰ। ਚੀਨੀ ਨੇ ਜਿਸ ਵੇਲੇ ਸ੍ਰੀ ਭੈਣੀ ਸਾਹਿਬ ਦੀ ਜੂਹ ਵਿਚ ਪੈਰ ਰਖਿਆ, ਖ਼ੁਸ਼ੀ ਨਾਲ ਫੁਲ ਖਲੋਤੀ। ਆਪਣੇ ਆਪ ਤੋਂ ਬਾਹਰ ਹੋਣ ਲੱਗ ਪਈ। ਸ੍ਰੀ ਭੈਣੀ ਸਾਹਿਬ ਦੇ ਬੋਹੜਾਂ ਨੂੰ ਤਕ ਹਿਣਕ ਹਿਣਕ ਆਕਾਸ਼ ਨੂੰ ਸਿਰ ਤੇ ਚੁੱਕ ਲਿਆ। ਪੂਛਲ ਚੁੱਕ ਪੈਲਾਂ ਪਾਉਣ ਲੱਗ ਗਈ। ਧਰਤੀ ਤੇ ਪੈਰ ਨਹੀਂ ਸੀ ਟਿਕਾਂਦੀ। ਬੜੇ ਚਾਅ ਨਾਲ ਸਭ ਤੋਂ ਮੂਹਰੇ ਜਾ ਰਹੀ ਸੀ। ਅੰਦਰ ਇਕ ਖਿੱਚ ਸੀ ਕਿ ਕਿਸ ਵੇਲੇ ਓਸ ਧਰਤੀ ਤੇ ਪੁੱਜਾਂ, ਜਿੱਥੇ ਅਰਸ਼ਾਂ ਕੁਰਸ਼ਾਂ ਦਾ ਮਾਲਿਕ ਦੇਹ ਧਾਰ ਜੀਆਂ ਦੇ ਬੇੜੇ ਪਾਰ ਕਰ ਰਿਹਾ ਹੈ। ਉਸ ਧਰਤੀ ਦੀ ਧੂੜ ਮੱਥੇ ਤੇ ਲਾ ਇਸ ਪਸ਼ੂ ਜੂਨੀ ਵਿਚੋਂ ਮੁਕਤ ਹੋਵਾਂ।

ਦੇਵ ਨੇਤ ਉਸ ਸਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਹਰੋਂ ਆ ਰਹੇ ਸਨ। ਸਾਦੇ ਚਿੱਟੇ ਬਸਤਰ, ਇਕ ਹੱਥ ਗੜਵਾ, ਇਕ ਹੱਥ ਸੇਲਾ, ਬੋਹੜ ਥੱਲੇ ਖੜੇ ਸਨ। ਚੀਨੀ ਦੂਰੋਂ ਤਕਦਿਆਂ ਨਿਹਾਲ ਹੋ ਗਈ। ਉਡ ਕੇ ਉੱਥੇ ਪੁੱਜੀ, ਜਿੱਥੇ ਸ੍ਰੀ ਸਤਿਗੁਰੂ ਜੀ ਸਨ। ਸਤਿਗੁਰੂ ਜੀ ਤੋਂ ਦਸ ਕਦਮਾਂ ਤੇ ਰੁਕ ਗਈ, ਸਿਰ ਨੀਵਾਂ ਕਰ ਨਮਸਕਾਰ ਕੀਤੀ।

ਸ: ਮੰਗਲ ਸਿੰਘ - ''ਭਾਈ ਸਿਖਾ, ਏਥੇ ਤਰਖਾਣ ਗੁਰੂ ਸੁਣੀਦਾ ਹੈ!''

ਗੁਰੂ ਜੀ - ''ਜੀ ਹਾਂ।''

ਘਰੋਂ ਤੁਰਨ ਲਗਿਆਂ, ਓਸ ਮਨ ਵਿਚ ਧਾਰਨ ਕੀਤਾ ਸੀ ਕਿ ਮੈਂ ਪੂਰਾ ਗੁਰੂ ਤੇ ਸਤਿਆਵਾਨ ਤਾਂ ਜਾਣਾਂਗਾ, ਜੇ ਪਿੰਡ ਵੜਦਿਆਂ ਮੈਨੂੰ ਅੱਗੋਂ ਮਿਲੇ । ਸਤਿਗਰੂਾਂ ਦੇ ਦਰਸ਼ਨਾਂ ਦਾ ਕੋਈ ਇਤਨਾ ਪਰਭਾਵ ਪਿਆ ਕਿ ਸਰਦਾਰ

ਘੋੜੀ ਤੋਂ ਉਤਰ ਖਲੋਤਾ। ਉਸ ਨੂੰ ਤਕ ਬਾਕੀ ਵੀ ਸਾਰੇ ਉਤਰ ਖਲੋਤੇ। ਨਾਲ ਆਏ ਚਮਿਆਰਾਂ ਨੇ ਇਕ-ਇਕ ਦੋ-ਦੋ ਘੋੜੀਆਂ ਥਮ ਲਈਆਂ। ਅੱਗੇ-ਅੱਗੇ ਗੁਰੂ ਜੀ, ਮਗਰੇ-ਮਗਰੇ ਸਾਰਾ ਮਹੈਣ। ਖਾਸਾ ਜਲੂਸ ਬਣ ਗਿਆ। ਗੁਰੂ ਜੀ ਨੇ ਸਿੱਖਾਂ ਨੂੰ ਘੋੜੀਆਂ ਤਬੇਲੇ ਵਿਚ ਬੰਨ੍ਹਣ ਦਾ ਹੁਕਮ ਦਿੱਤਾ ਤੇ ਆਏ ਸਰਦਾਰਾਂ ਨੂੰ ਜਲ ਛਕਾਣ ਵਾਸਤੇ ਕਿਹਾ। ਸਰਦਾਰਾਂ ਗੁਰੂ ਜੀ ਦੇ ਮੰਦਰ ਵੇਖੇ। ਗੁਰੂ ਜੀ ਦਾ ਲੰਗਰ ਵੇਖਿਆ। ਗ਼ਰੀਬ-ਗ਼ੁਰਬਿਆਂ ਨੂੰ ਇੱਕੋ ਜੈਸਾ ਪਰਸ਼ਾਦ ਵਰਤੀਂਦਾ ਤਕਿਆ। ਮਾਈ-ਭਾਈ ਬੁੱਢੇ ਬਾਲੇ ਨੂੰ ਹੱਥੀਂ ਮਾਲਾ ਤੇ ਰਸਨਾ ਤੋਂ ਮਿੱਠੇ ਨਾਮ ਦੇ ਸੋਮੇ ਭਰਦੇ ਤੱਕੇ ਤਾਂ ਸਰੀਰ ਹੌਲਾ ਫੁਲ ਹੋ ਗਿਆ ਜਦ ਸਿੰਘ, ਜਲ, ਉਹ ਜਲ ਜਿਸ ਦੇ ਤਿਆਰ ਹੁੰਦਿਆਂ ਤਕ, ਬਾਬੇ ਨਾਨਕ ਦੇ 40 ਜੁਗਾਂ ਦੀ ਤਪੱਸਿਆ ਦੇ ਮੰਤਰ ਦਾ ਜਾਪ ਸੁੱਤੇ ਹੋਇਆ ਹੋਇਆ ਸੀ, ਪਸ਼ੂਆਂ ਤੋਂ ਦੇਵਤੇ ਬਣਾਉਣ ਵਾਲੀ ਬਾਣੀ ਦੇ ਪਾਠ ਦੀ ਅੰਮ੍ਰਿਤ ਧਾਰਾਂ ਵਸੀਆਂ ਹੋਈਆਂ ਸਨ, ਲਿਆਂਦਾ ਗਿਆ, ਸਰਦਾਰਾਂ ਛਕਿਆ। ਬਸ, ਜਲ ਛਕਣ ਦੀ ਦੇਰ ਸੀ ਜਿਹੜਾ ਜਿਹੜਾ ਛਕਦਾ ਜਾਵੇ ਖੀਵਾ ਹੁੰਦਾ ਜਾਵੇ। ਸਰਦਾਰਾਂ ਵੀ ਜ਼ਿੰਦਗੀ ਭਰ ਵਿਚ ਕਈ ਪਰਕਾਰ ਦੇ ਜਲ ਛਕੇ ਹੋਣਗੇ, ਮਗਰ ਜੋ ਸਵਾਦ ਇਸ ਜਲ ਦਾ ਆਇਆ, ਇਹ ਉਹ ਜਾਣਦੇ ਸਨ। ਜਿਉਂ ਜਿਉਂ ਛਕਦੇ ਜਾਣ ਸੋਤਰ ਖੁੱਲ੍ਹਦੇ ਜਾਣ। ਰੂਹ ਅੰਦਰੋਂ ਅੰਨ੍ਹੇਰਾ ਉੱਡਦਾ ਜਾਵੇ। ਸਭ ਸੱਜਣਾਂ ਜਲ ਪਰਸ਼ਾਦ ਛਕਿਆ, ਘੋੜਿਆਂ ਨੂੰ ਦਾਣਾ ਪੱਠਾ ਪਵਾਇਆ। ਸਾਧ ਸੰਗਤਾਂ ਤਾਂ ਮੰਦਰਾਂ ਵਿਚੋਂ ਕੀਰਤਨ ਅਰੰਭ ਦਿੱਤਾ, ਮਗਰ ਇਹ ਸੱਜਣ ਬਿਸਤਰਿਆਂ ਤੇ ਬਿਰਾਜ ਗਏ।

(3)

ਸਰਦਾਰ ਦੇ ਸਾਥੀਆਂ ਦਾ ਮੰਜਿਆਂ ਤੇ ਲੇਟਦਿਆਂ ਹੀ, ਦਿਨ ਦੇ ਥਕੇਵੇਂ ਕਾਰਨ ਅੱਖ ਲਗ ਗਈ, ਮਗਰ ਸਰਦਾਰ ਦੇ ਸੁੱਤੇ ਭਾਗਾਂ (ਜਾਗਣ ਲਗ ਪਏ) ਦੀ ਨੀਂਦਰ ਖੁੱਲ੍ਹਣ ਲਗ ਪਈ। ਸ: ਮੰਗਲ ਸਿੰਘ ਬਿਰਾਜਿਆਂ ਕੀ ਤਕਿਆ? 'ਇਕ ਬੜਾ ਸੁੰਦਰ ਭਵਨ ਹੈ, ਉਸ ਦੀਆਂ ਕੰਧਾਂ ਤੇ ਹੀਰੇ ਤੇ ਮੋਤੀ ਜਗਮਗ ਜਗਮਗ ਕਰ ਰਹੇ ਹਨ। ਛੱਤਾਂ ਤੇ ਨੀਲਮ ਤੇ ਲਾਲ ਜੜ੍ਹੇ ਹੋਏ ਹਨ। ਮੰਦਰ ਦੇ ਸਾਹਮਣੇ ਇੰਦਰ ਦੇ ਬਾਗ਼ ਨੂੰ ਮਾਤ ਕਰਨ ਵਾਲਾ ਬਾਗ਼ ਹੈ। ਬਾਗ਼ ਵਿਚ ਅਲੱਭ ਫਲ ਫੁੱਲ ਹਨ। ਮੰਦਰ ਦੇ ਅੰਦਰ ਇਕ ਜੜਾਊ ਤਖਤ ਹੈ, ਜਿਸ ਤੇ ਦੁੱਧ ਚਿੱਟਾ ਆਸਣ ਵਿਛਿਆ ਹੋਇਆ ਹੈ। ਭਵਨ ਵਿਚ ਅਲੌਕਿਕ ਲੋਕ ਬੈਠੇ ਕਿਸੇ ਦੀ ਯਾਦ ਵਿਚ ਲਿਵਲੀਨ ਹਨ। ਅਚਨਚੇਤ ਇਕ ਲੰਮੀ ਭੁਜਾਂ ਵਾਲੀ ਮੂਰਤੀ, ਜਿਸ ਦੀ ਨੁਹਾਰ, ਬੋਹੜ ਥੱਲੇ ਆਉਂਦਿਆਂ ਮਿਲਣ ਵਾਲੀ ਮੂਰਤੀ ਨਾਲ ਮਿਲਦੀ ਸੀ, ਚਿੱਟੇ ਬਸਤਰਾਂ ਵਿਚ ਅਰਸ਼ਾਂ ਤੋਂ ਉਤਰੀ। ਉਹ ਸਿੰਘਾਸਨ ਤੇ ਸ਼ਸ਼ੋਭਤ ਹੋ ਗਈ। ਉਨ੍ਹਾਂ ਨਾਲ ਇਕ ਚੌਰ ਬਰਦਾਰ ਵੀ ਉਤਰਿਆ ਤੇ ਉਸ ਚੌਰ ਅਰੰਭ ਦਿੱਤਾ। ਉਸ ਮਹਾਂ ਪੁਰਸ਼ ਨੂੰ ਉਤਰਦਿਆਂ

ਵੇਖ ਸਭ ਦੇਵਤੇ ਖੜੇ ਹੋ ਗਏ ਤਾਂ ਜੈ ਜੈ ਕਰਨ ਲਗ ਪਏ। ਬਾਹਰ ਬਾਗ਼ ਵਿਚ ਬੜੀ ਸੁੰਦਰ ਰੌਣਕ ਸੀ।

ਇਤਨੇ ਨੂੰ ਇਕ ਸੁੰਦਰ ਸਡੌਲ, ਲੰਮਾ ਸਰੀਰ, ਸੀਸ ਤੇ ਜੂੜਾ, ਮੋਢੇ ਤੇ ਧਨੁਸ਼-ਬਾਨ, ਪੈਰੀਂ ਖੜਾਵਾਂ ਸਨ, ਆਇਆ। ਉਸ ਦੇ ਮਗਰ ਅਨੇਕ ਸੂਰਬੀਰਾਂ ਦੀ ਸੈਨਾ ਸੀ। ਪਹਿਰੇਦਾਰਾਂ ਦੀ ਆਗਿਆ ਲੈ, ਅੰਦਰ ਆਏ। ਸੈਨਾ ਤਾਂ ਅੰਦਰ ਬੈਠ ਗਈ ਮਗਰ ਮੂਰਤੀ ਤਖਤ ਵਾਲੀ ਮੂਰਤੀ ਨਾਲ ਜਾ ਮਿਲੀ। ਇਤਨੇ ਨੂੰ ਮੁੜ ਸੁਰੀਲੀ ਬੰਸਰੀ ਦੀ ਆਵਾਜ਼ ਬਾਹਰੋਂ ਆਈ ਤੇ ਇਕ ਕੰਵਲ ਨੇਤਰਾਂ, ਸੀਸ ਤੇ ਮੋਰ ਮੁਕਟ ਪਹਿਨੇ, ਸੁੰਦਰੀਆਂ ਦੇ ਘੇਰੇ ਵਿਚ ਘਿਰਿਆ ਮੰਦਰ ਵਿਚ ਆਇਆ। ਸੁੰਦਰੀਆਂ ਤਾਂ ਭਵਨ ਵਿਚ ਬਹਿ ਗਈਆਂ, ਮਗਰ ਮੋਰ ਮੁਕਟ ਵਾਲੀ ਮੂਰਤੀ ਵੀ ਤਖਤ ਵਾਲੀ ਮੂਰਤੀ ਵਿਚ ਜਾ ਸਮਾਈ। ਇਹ ਕੌਤਕ ਮੁੱਕਾ ਹੀ ਸੀ ਕਿ ਇਕ ਹੋਰ ਚਮਕਦੇ ਚਿਹਰੇ ਵਾਲਾ ਸੁੰਦਰ ਸੱਜਣ ਜਿਸ ਦੇ ਚਿਹਰੇ ਤੇ ਸਿਆਣਪ ਤੇ ਤਰਸ ਭਾਸਦਾ ਸੀ, ਇਕ ਲੰਮਾ ਚੋਗਾ ਪਾਈ, ਜਿਸ ਤੇ ਚਰਖੜੀ ਦਾ ਨਿਸ਼ਾਨ ਸੀ, ਅੰਦਰ ਆਇਆ, ਉਸ ਦੇ ਮਗਰ ਉਸ ਵੇਸ ਦੇ ਅਨੇਕ ਇਸਤਰੀ ਪੁਰਸ਼ ਸਨ। ਉਸ ਦੇ ਸਾਥੀ ਤਾਂ ਮੰਦਰ ਵਿਚ ਬੈਠ ਗਏ ਤੇ ਇਹ ਸੱਜਣ ਵੀ ਤਖਤ ਵਾਲੇ ਮਹਾਂਪੁਰਸ਼ ਨਾਲ ਜਾ ਇਕ ਮਿਕ ਹੋਇਆ। ਇਸ ਦੇ ਮਗਰੇ ਮਗਰ, ਇਕ ਭਰਵੇਂ ਕੱਦ ਦਾ, ਮੋਟੇ ਨੇਤਰ, ਜਿਸ ਦੇ ਕਦਮਾਂ ਵਿਚ ਫੁਰਤੀ ਸੀ ਤੇ ਮੁੱਛਾਂ ਕੁਝ ਵਿਚਾਲਿਓਂ ਕੱਟੀਆਂ ਹੋਈਆਂ ਸਨ ਤੇ ਅਰਬੀ ਬੋਲੀ ਬੋਲਦਾ ਸੀ, ਆਪਣੇ ਮੁਰੀਦਾਂ ਸਹਿਤ ਆਇਆ। ਉਸ ਦੇ ਮੁਰੀਦ ਵੀ ਅੰਦਰ ਰਲ ਮਿਲ ਗਏ, ਮਗਰ ਇਹ ਬਲਵਾਨ ਪੁਰਸ਼ ਵੀ ਤਖਤ ਵਾਲੇ ਮਹਾਨ ਪੁਰਸ਼ ਵਿਚ ਜਾ ਸਮਾਇਆ। ਸਰਦਾਰ ਦੇ ਵੇਖਦਿਆਂ ਵੇਖਦਿਆਂ ਅਨੇਕ ਮੂਰਤੀਆਂ ਆਈਆਂ ਤੇ ਪਹਿਲੀ ਮੂਰਤੀ ਵਿਚ ਮਿਲਦੀਆਂ ਗਈਆਂ। ਇਕ ਹੋਰ ਗੱਲ ਉਸ ਨੂੰ ਹੈਰਾਨ ਕਰਨ ਵਾਲੀ ਸੀ, ਕਿ ਬਾਹਰੋਂ ਆਏ ਮਰਦ ਇਤਰੀਆਂ ਦੇ ਲਿਬਾਸ ਵੱਖ ਵੱਖ ਭਾਸਦੇ ਸਨ, ਮਗਰ ਜਦ ਭਵਨ ਅੰਦਰ ਆਉਂਦੇ ਸਨ, ਤਾਂ ਕੋਈ ਫ਼ਰਕ ਨਹੀਂ ਸੀ ਜਾਪਦਾ, ਸਭ ਦੇ ਚਿੱਟੇ ਬਸਤਰ ਵਿਖਾਈ ਦੇਣ ਲਗ ਪੈਂਦੇ ਸਨ ਅਤੇ ਹੱਥੀਂ ਉਨ ਦੀਆਂ ਮਾਲਾ ਫਿਰਦੀਆਂ ਵਿਖਾਈ ਦੇਂਦੀਆਂ ਸਨ। ਇਤਨੇ ਨੂੰ ਇਕ ਸੱਜਣ ਨੇ ਉੱਚੀ ਸਾਰੀ ਜੈਕਾਰਾ ਛਡਿਆ, ਧੰਨ ਸਤਿਗੁਰੂ ਰਾਮ ਜੀ ਤੇ ਏਸੇ ਆਵਾਜ਼ ਨਾਲ ਸਾਰਾ ਹਾਲ ਗੂੰਜ ਉਠਿਆ, ਗੂੰਜ ਦੇ ਨਾਲ ਹੀ ਸ: ਮੰਗਲ ਸਿੰਘ ਦੀ ਅੱਖ ਖੁੱਲ੍ਹ ਗਈ ਅਤੇ ਜਾਗਣ ਤੇ ਵੀ ਉਸ ਦੇ ਕੰਨਾਂ ਵਿਚ ਓਹੋ ਗੂੰਜ ਗੂੰਜ ਰਹੀ ਸੀ:-

ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਕਾਲ ਪੁਰਖ।

(4)

ਸਰਦਾਰ ਤੇ ਸਰਦਾਰ ਦੇ ਸਾਥੀਆਂ ਦੀ ਅੱਖ ਖੁੱਲ੍ਹੀ ਤਾਂ ਸ੍ਰੀ ਆਸਾ ਜੀ ਦੀ ਵਾਰ ਦਾ ਭੋਗ ਪੈ ਚੁੱਕਿਆ ਸੀ। ਸਿੰਘ ਸਿੰਘਣੀਆਂ ਬਾਣੀਆਂ ਪੜ੍ਹ ਰਹੇ ਸਨ। ਸਰਦਾਰ ਦੇ ਸਾਥੀ ਅੱਜ ਘਾਟ ਮਹਿਸੂਸ ਕਰ ਰਹੇ ਸਨ ਕਿ ਉਹ ਏਡੇ ਮੰਦ

ਭਾਗੇ ਹਨ ਕਿ ਉਹਨਾਂ ਗੰਗਾ ਤੇ ਆਕੇ ਵੀ ਇਸ਼ਨਾਨ ਨਹੀਂ ਕੀਤਾ। ਕਾਬੇ ਜਾ ਕੇ ਵੀ ਸਿਜਦੇ ਵੇਲੇ ਸੁੱਤੇ ਰਹੇ। ਹੇ ਰੱਬਾ! ਕਦੋਂ ਪਿਛਲਾ ਪਹਿਰ ਆਵੇ, ਤੇ ਅਸੀਂ ਅੰਮ੍ਰਿਤ ਸਰੋਵਰ ਵਿਚ ਚੁੱਭੀਆਂ ਮਾਰੀਏ। ਮਗਰ ਸਰਦਾਰ ਸਜ ਮੰਗੀ ਕੁੜੀ ਵਾਂਗੂ ਚੁੱਪ ਸੀ, ਤੇ ਸਾਥੀਆਂ ਨਾਲੋਂ ਵੱਖ ਵੱਖ ਤੁਰਦਾ ਸੀ, ਜਿਵੇਂ ਸਿਪ ਦੇ ਮੂੰਹ ਸਵਾਂਤੀ ਬੂਦ ਪੈਣ ਨਾਲ, ਉਹ ਦੂਜੇ ਸਿਪਾਂ ਨਾਲੋਂ ਵੱਖ ਹੋ ਜਾਂਦੀ ਹੈ ਤਿਵੇਂ ਸ: ਮੰਗਲ ਸਿੰਘ ਆਪਣੇ ਸਾਥੀਆਂ ਨਾਲੋਂ ਵੱਖ ਵੱਖ ਹੋ ਬਹਿੰਦਾ ਸੀ। ਸਾਥੀਆਂ ਪਰਸ਼ਾਦ ਛਕਿਆ, ਮਗਰ ਏਸ ਹੱਥ ਤਕ ਨਾ ਲਾਇਆ। ਬਾਕੀ ਵੀਰਾਂ ਆਪਣੇ ਘੋੜੇ ਤੇ ਘੋੜੀਆਂ ਤਕੇ, ਪੱਠਾ ਦਾਣਾ ਪਵਾਇਆ ਮਗਰ ਇਸਨੇ ਚੀਨੀ, ਜਿਸਨੂੰ ਆਪਣੇ ਨਾਲੋਂ ਵਧ ਪਿਆਰਦਾ ਸੀ, ਵਲ ਝਾਤ ਨਾ ਪਾਈ। ਇਉਂ ਭਾਸਦਾ ਸੀ, ਜਿਵੇਂ ਇਸਦਾ ਇਸ ਨਾਲ ਦੂਰ ਦਾ ਵੀ ਵਾਸਤਾ ਨਹੀਂ।

ਇਕ ਗੱਲ ਬਿਸ਼ਨ ਪੁਰੀਆਂ ਬੜੇ ਗਹੁ ਨਾਲ ਤੱਕੀ, ਜਿਸਦਾ ਪਰਭਾਵ ਪੈਣੋਂ ਨਾ ਰਿਹਾ। ਲਾਂਗਰੀ ਸਿੰਘ ਲੰਗਰ ਕਰ ਰਹੇ ਸਨ, ਮਗਰ ਕੋਈ ਬਚਨ ਨਹੀਂ ਸਨ ਕਰਦੇ, ਸਭ ਦੀਆਂ ਰਸਨਾਂ ਇਕ ਰਸ ਨਾਮ ਜਪ ਰਹੀਆਂ ਸਨ, ਪਰ ਉਹਨਾਂ ਦੀ ਰਸਨਾਂ ਵੀ ਮਤਲਬ ਤੋਂ ਬਿਨਾ ਕੁਝ ਨਹੀਂ ਸੀ ਬੋਲਦੀ। ਗਡਿਆਂ ਵਾਲੇ ਗਡੇ ਜੋੜ ਰਹੇ ਸਨ, ਪਰ ਰਸਨਾਂ ਤੇ ਨਾਮ ਸਤਿਗੁਰੂ ਦਾ ਸੀ। ਖੇਤਾਂ ਵਿਚ ਸਿੰਘ ਕੰਮ ਕਰ ਰਹੇ ਸਨ, ਉਹਨਾਂ ਦੇ ਹੱਥ ਭਾਵੇਂ ਕਾਰ ਵਲ, ਮਗਰ ਰਸਨਾਂ ਤੇ ਰਟਨ ਯਾਰ ਵਲ ਸੀ। ਗਲੀ ਵਿਚ ਲੰਘਦਿਆਂ 80-80 ਸਾਲ ਦਿਆਂ ਬਿਰਧਾਂ ਹੱਥੀਂ ਮਾਲਾ ਸਨ। ਦਸ-ਦਸ ਸਾਲ ਦੇ ਬੱਚੇ-ਬੱਚੀਆਂ ਵੀ ਟੁਰਦੇ-ਫਿਰਦੇ ਮਾਲਾ ਫੇਰ ਰਹੇ ਸਨ। ਇਹਨਾਂ ਨੂੰ ਵੀ ਇਹ ਦੁਨੀਆ ਬਿਲਕੁਲ ਨਵੀਂ ਜਾਪੀ। ਇਹ ਲੋਕ ਦਿਨੇ ਤਾਂ ਸਭ ਕਾਰ ਵਿਹਾਰ ਕਰਦੇ ਰਹੇ, ਮਗਰ ਦੀਵਾਨ ਸਮੇਂ ਸਭ ਮਾਈ ਭਾਈ ਚਿੱਟੇ ਬਸਤਰ ਪਹਿਣ ਹਥੀਂ ਮਾਲਾ ਲੈ, ਆਪਣੇ ਆਪਣੇ ਆਸਣ ਵਿਛਾ, ਸ੍ਰੀ ਸਤਿਗੁਰੂ ਜੀ ਦੇ ਆਸਣ ਤੇ ਅਦਬ ਨਾਲ ਸੀਸ ਝੁਕਾ ਕੇ ਬੈਠਦੇ ਗਏ। ਸ੍ਰੀ ਸਤਿਗੁਰੂ ਜੀ ਦੀਵਾਨ ਵਿਚ ਪੁੱਜੇ ਤਾਂ ਸੰਗਤਾਂ ਅਦਬ ਨਾਲ ਖਲੋ ਗਈਆਂ। ਗੁਰੂ ਜੀ ਦੇ ਚਿਹਰੇ ਸਾਹਮਣੇ ਸੂਰਜ ਦਾ ਤੇਜ਼ ਫਿੱਕਾ ਪੈ ਰਿਹਾ ਸੀ। ਜਿਹੜਾ ਸੱਜਣ ਆਉਂਦਾ ਸੀ ਖ਼ਾਲੀ ਹੱਥੀਂ ਕੋਈ ਨਹੀਂ ਸੀ ਆਉਂਦਾ, ਜੋ ਕਿਸੇ ਨੂੰ ਪਰਾਪਤ ਹੋ ਸਕਦਾ ਸੀ, ਯਥਾ ਸ਼ਕਤ ਭੇਟ ਰਖ, ਸੀਸ ਨਿਵਾ ਆਪਣੇ ਆਪਣੇ ਆਸਣ ਵਿਛਾ ਬੈਠ ਜਾਂਦਾ ਸੀ। ਸ: ਮੰਗਲ ਸਿੰਘ ਤੇ ਉਸਦੇ ਸਾਥੀ ਵੀ ਮੱਥਾ ਟੇਕ ਕੇ ਇਕ ਪਾਸੇ ਬਹਿ ਗਏ।

ਰਾਗੀਆਂ ਨੇ ਸ਼ਬਦ ਪੜ੍ਹਿਆ:

ਤੁਮ ਚੰਦਨ, ਹਮ ਅਰਿੰਡ ਬਾਪਰੇ ਸੰਗ ਤੁਮਾਰੇ ਬਾਸਾ
ਨੀਚ ਰੂਖ ਤੇ ਊਚ ਭਏ ਹੈ, ਗੰਧਿ ਸੁਗੰਧਿ ਨਿਵਾਸਾ

ਇਸ ਸ਼ਬਦ ਨੇ ਦੀਵਾਨ ਵਿਚ ਮਸਤੀ ਲੈ ਆਂਦੀ। ਮਸਤਾਨਿਆਂ ਨਾਲ ਦੀਵਾਨ ਭਰ ਗਿਆ। ਬਿਸ਼ਨ ਪੁਰੀਆਂ ਦੇ ਵੀ ਸਿਰ ਹਿਲਣੇ ਸ਼ੁਰੂ ਹੋ ਗਏ। ਦੀਵਾਨ ਵਿਚ ਸਰੋਤਿਆਂ ਦੀਆਂ ਸੁਰਤਾਂ ਅਨੋਖੇ ਤੇ ਅਣਦਿੱਸੇ ਮੰਡਲਾਂ ਦੀਆਂ

ਸੈਰਾਂ ਕਰ ਰਹੀਆਂ ਸਨ। ਉਹਨਾਂ ਦੀ ਰਸਨਾਂ ਤੇ ਨਾਮ ਸੀ, ਕੰਨਾਂ ਵਿਚ ਸਤਿਗੁਰੂ ਦਾ ਸ਼ਬਦ ਸੀ ਤੇ ਹਿਰਦੇ ਵਿਚ ਸਤਿਗੁਰੂ ਦੀ ਮੂਰਤ ਸੀ, ਮਗਰ ਸ: ਮੰਗਲ ਸਿੰਘ ਮਨ ਹੀ ਮਨ ਨਾਲ ਗੱਲਾਂ ਕਰ ਰਿਹਾ ਸੀ, ਇਹ ਤਾਂ ਉਹੋ ਮੂਰਤੀ ਹੈ ਜਿਸਦੇ ਪਹਿਲੇ ਪਹਿਲ ਪਿੰਡ ਵੜਦਿਆਂ ਦਰਸ਼ਨ ਹੋਏ ਸਨ। ਜਿਨ੍ਹਾਂ ਦੇ ਦਰਸ਼ਨਾਂ ਨੇ ਸੁਪਨੇ ਵਿਚ ਅਲੌਕਿਕ ਲੀਲਾ ਵਿਖਾਈ ਸੀ। ਮਨ ਦੇ ਪੇਚ ਤਾਂ ਸਵੇਰ ਦੇ ਸਾਧ ਸੰਗਤ ਦੇ ਦਰਸ਼ਨਾਂ, ਜਿਹੜੇ ਕਿਸੇ ਰੰਗ ਵਿਚ ਰਤੇ ਕਾਰ ਵਿਹਾਰ ਕਰਦੇ ਨਜ਼ਰੀਂ ਪਏ ਸਨ, ਢਿੱਲੇ ਕਰ ਦਿੱਤੇ ਸਨ, ਰਾਤ ਦੇ ਸੁਪਨੇ ਆਪਾ ਵੀ ਭੁਲਾ ਦਿੱਤਾ ਸੀ, ਮਗਰ ਪਰਤੱਖ ਦਰਸ਼ਨਾਂ ਨੇ ਰਹਿੰਦੀ ਖੂੰਦੀ ਕਸਰ ਵੀ ਕੱਢ ਦਿੱਤੀ।

ਇਤਨੇ ਨੂੰ ਇਕ ਸਿੰਘ ਨੇ ਆ ਕੇ ਕੁਝ ਮਾਇਆ ਮੱਥਾ ਟੇਕੀ, ਪਰ ਅੰਤਰਯਾਮੀ ਸੀ, ਉਸਨੂੰ ਮਾਇਆ ਚੁੱਕਣ ਵਾਸਤ ਤੇਜ਼ੀ ਨਾਲ ਬਚਨ ਕੀਤਾ। ਬਿਸ਼ਨ ਪੁਰੀਆਂ ਅੰਦਰ ਹੈਰਾਨੀ ਛਾ ਗਈ। ਉਹ ਤਾਂ ਇਸ ਥਾਂ ਨੂੰ ਕੇਵਲ ਮਾਇਆ ਦਾ ਜਾਲ ਸਮਝਦੇ ਸਨ, ਮਗਰ ਉਹਨਾਂ ਨੂੰ ਤਾਂ ਏਥੇ ਨਿਰਾ ਮਾਇਆ ਦਾ ਤਿਆਗ ਨਜ਼ਰੀਂ ਆਇਆ। ਉਹ ਘਟਨਾ ਤਕ ਉਹਨਾਂ ਦਾ ਰਹਿੰਦਾ ਖੂੰਦਾ ਮੋਤੀਆ ਬਿੰਦ ਉਤਰਨਾ ਸ਼ੁਰੂ ਹੋਇਆ। ਕੋਲੋਂ ਜਦ ਬਾਬਾ ਜਵਾਹਰ ਸਿੰਘ ਜੀ ਹੱਥ ਜੋੜ ਅਰਜ਼ ਕੀਤੀ, "ਗ਼ਰੀਬ ਨਿਵਾਜ਼! ਇਸ ਸਿੱਖ ਪਾਸੋਂ ਕੀ ਭੁਲਣਾ ਹੋਈ ਹੈ, ਜੋ ਆਪ ਇਸਦੀ ਭੇਟ ਨਹੀਂ ਕਬੂਲਦੇ?' ਤਾਂ ਅੰਤਰਯਾਮੀ ਸਤਿਗੁਰੂ ਫੁਰਮਾਇਆ, 'ਬਾਬਾ ਜੀ ਇਸਦੇ ਘਰ ਕੁੜੀਆਂ ਮਾਰੀਆਂ ਗਈਆਂ ਹਨ, ਜੋ ਵੱਡਾ ਪਾਪ ਹੈ।' ਇਹ ਸ਼ਬਦ ਸੁਣ ਉਹ ਸਿੰਘ ਕੰਬ ਉਠਿਆ ਤੇ ਬੇਨਤੀ ਕੀਤੀ, 'ਹੇ ਅੰਤਰਯਾਮੀ! ਮੈਥੋਂ ਇਹ ਭੁੱਲ ਹੋਈ ਹੈ ਤੇ ਇਹ ਭੁੱਲ ਤੀਵੀਂ ਦੇ ਕਹੇ ਵਾਪਰੀ ਹੈ, ਮੈਨੂੰ ਬਖ਼ਸ਼ੋ।' ਗੁਰੂ ਜੀ ਨੇ ਅਖੰਡ ਪਾਠ ਦਾ ਹੁਕਮ ਕੀਤਾ। ਉਸ ਪਰਵਾਨ ਕਰ ਲਿਆ, ਤਦ ਉਸਦੀ ਮਾਇਆ ਕਬੂਲ ਹੋਈ।

ਓਸੇ ਸਮੇਂ ਇਕ ਸਿੱਖ ਨੇ ਅਰਜ਼ ਕੀਤੀ, 'ਗ਼ਰੀਬ ਨਿਵਾਜ਼! ਮੈਂ ਨਾਮ ਦੀ ਦਾਤ ਲੈਣਾ ਚਾਹੁੰਦਾ ਹਾਂ, ਮਗਰ ਮੈਂ ਗ਼ਰੀਬ ਹਾਂ, ਮੈਂ ਆਏ ਸਾਧ ਦੀ ਸੇਵਾ ਨਹੀਂ ਕਰ ਸਕਦਾ, ਮੈਂ ਕੀ ਕਰਾਂ?' ਸਤਿਗੁਰੂ ਜੀ ਬੜੀ ਦਿਆਲਤਾ ਨਾਲ ਬਚਨ ਕੀਤਾ, 'ਭਾਈ! ਤੂੰ ਆਏ ਸਾਧ ਨੂੰ ਜੀ ਆਇਆਂ ਕਹਿ ਦਿਆ ਕਰ। ਠੰਡੇ ਜਲ ਦਾ ਛੰਨਾ ਲਿਆ ਹਾਜ਼ਰ ਕਰਿਆ ਕਰ। ਕਿਤੇ ਲੰਗਰ ਹੋਵੇ ਤਾਂ ਉਸ ਵਿਚ ਮੁੱਠ ਆਟੇ ਦੀ ਪਾ ਆਇਆ ਕਰ, ਤੇਰਾ ਮੇਲਾ ਹੋ ਜਾਇਆ ਕਰੇਗਾ। ਇਹ ਸੁਣ ਸਿੱਖ ਨੇ ਮੱਥਾ ਟੇਕ ਦਿੱਾ ਤੇ ਭਜਨ ਲੈ, ਸਿੱਖ ਸਜ ਗਿਆ।

ਇਹ ਸਾਰੇ ਸੀਨ, ਚਲ ਰਹੀ ਫ਼ਿਲਮ ਵਾਂਗੂੰ ਬਿਸ਼ਨ ਪੁਰੀਆਂ ਦੀਆਂ ਅੱਖੀਆਂ ਸਾਂਹਵਿਓਂ ਲੰਘੇ। ਗੁਰੂ ਦੇ ਲੰਗਰ ਦਾ ਇਕ ਰਸ ਤੇ ਇਕ ਜੈਸਾ ਵਰਤਾਰਾ, ਮਾਇਆ ਦਾ ਤਿਆਗ, ਸੱਚ ਦੀ ਦ੍ਰਿੜ੍ਹਤਾ, ਸਵਾਸ ਸਵਾਸ ਨਾਮ ਦਾ ਜਾਪ, ਬਾਣੀ ਦਾ ਰਟਨ, ਇਹ ਸਭ ਉਸਦੇ ਹਿਰਦੇ ਤੇ ਡੂੰਘੇ ਚਿੰਨ੍ਹ ਪਾਉਂਦੇ

ਗਏ। ਮਨ ਵਿਸਮਾਦਤਾ ਵਿਚ ਤਾਰੀਆਂ ਲਾਂਦਾ ਰਿਹਾ। ਪਾਰਸ ਪਾਰਸ ਦਿੱਸਣ ਲਗ ਪਿਆ। ਚੰਦਨ, ਬਾਵਨ ਚੰਦਨ ਪਰਤੀਤ ਹੋਇਆ, ਫਟਕ ਨਾਲ ਨਜ਼ਰੀਂ ਆਇਆ, ਅੰਦਰ ਜੋਤ ਜਗਣ ਲਗ ਪਈ। ਉਜਾਲਾ ਹੋ ਗਿਆ। ਅੰਨ੍ਹੇਰੇ ਦੇ ਜਾਣ ਨਾਲ, ਲੋਕਾ-ਚਾਰ ਤੇ ਲੋਕ ਲਾਜ ਮਗਰੇ ਮਗਰ ਖਿਸਕ ਟੁਰੇ। ਸਰਦਾਰੀ ਦੇ ਤਾਜ ਨੂੰ ਪਰ੍ਹੇ ਵਗਾ ਮਾਰਿਆ। ਸਾਥੀਆਂ ਦੀ ਪਰਵਾਹ ਨਾ ਕਰਦਿਆਂ, ਦੀਵਾਨ ਵਿਚ ਨਚ ਉਠਿਆ, ਕੜੇ ਕੰਠੇ ਲਾਹ ਸੁੱਟੇ। ਸਭ ਕੁਝ ਗੁਰੂ ਜੀ ਦੇ ਚਰਨਾਂ ਵਿਚ ਰੱਖ, ਹੱਥ ਜੋੜ ਖਲੋ ਗਿਆ। ਬੋਲੇ ਚਾਲੇ ਕੁਝ ਨਾ। ਝਟਾ ਝਟ ਅੱਥਰੂ ਕੇਰੀ ਜਾਵੇ। ਦੀਵਾਨ ਵਿਚ ਚੁੱਪ ਛਾ ਗਈ। ਬੜੀ ਦੇਰ ਪਿੱਛੋਂ ਨਿਮੀ ਜੇਹੀ ਆਵਾਜ਼ ਵਿਚ ਬੋਲਿਆ, ਹੇ ਸੰਸਾਰ ਦੇ ਸਾਈਂ, ਬਖ਼ਸ਼ੋ। ਮੈਂ ਗ਼ਰੀਬ, ਮੈਂ ਕੰਗਲਾ' ਇਹ ਸਭ ਸੁਣ, ਮੌਜੀ ਠਾਕੁਰ ਜੀ ਸਹਿਜੇ ਹੀ ਕਿਹਾ 'ਸਰਦਾਰਾ! ਤਰਖਾਣ ਤੋਂ ਕੀ ਲੈਣਾ ਈ?' ਇਹਨਾਂ ਨੇ ਸਰਦਾਰ ਦੇ ਘਾਓ ਵਧੇਰੇ ਕਰ ਦਿੱਤੇ ਵੈਰਾਗ ਦੀ ਅਗਨ ਜੋਬਨ ਤੇ ਆ ਗਈ ਜਿਵੇਂ ਤਿਹਾਇਆ ਪੁਰਸ਼ ਜਲ ਨੂੰ ਤਕ ਬਹੁਤਾ ਬੇਹਬਲ ਹੋ ਉਠਦਾ ਹੈ, ਉਹੋ ਹਾਲਤ ਇਹਨਾਂ ਸ਼ਬਦਾਂ ਨੇ ਕੀਤੀ। ਗੜਗੜਾਂਦਾ ਹੋਇਆ ਚਰਨਾਂ ਤੇ ਢਹਿ ਪਿਆ, ਸਿਸਕੀਆਂ ਭਰਦਿਆਂ ਬੇਨਤੀ ਕੀਤੀ, 'ਹੇ ਦੀਨ ਦਿਆਲ! ਭੁੱਲੇ ਨੂੰ ਹੋਰ ਨਾ ਭੁਲਾਓ। ਔਜੜ ਜਾਂਦੇ ਨੂੰ ਸਿੱਧੇ ਰਾਹ ਪਾਓ। ਤੂੰ ਤਰਖਾਣ ਨਹੀਂ, ਤੂੰ ਉਹ ਕਾਰੀਗਰ ਹੈਂ ਜਿਸ ਲੰਕਾ ਨੂੰ ਪਾਰ ਕਰਨ ਲਈ ਸਾਗਰ ਤੇ ਪੁਲ ਬੱਧਾ ਸੀ, ਜਿਸ ਨਾਮ੍ਹੇ ਦੇ ਛੱਪਰ ਬਣਾਏ ਸਨ, ਜਿਸ ਨੇ ਭੇਖਧਾਰੀ ਦਾ ਚੱਕਰ ਮੁਦਰਸ਼ਨਾ ਨਾਲ ਲਾਜ ਰੱਖੀ ਸੀ, ਸੁੱਖਾਂ ਦੇ ਸਾਗਰ ਤੇ ਮਿਹਰਾਂ ਦੇ ਸਾਈਂ, ਹੇ ਖੰਡਾਂ ਬ੍ਰਹਿਮੰਡਾਂ ਦੇ ਚਾਨਣ ਮੁਨਾਰੇ, ਮੇਰੇ ਅੰਦਰ ਵੀ ਆਪਣੀ ਲੋ ਕਰ। ਨਾਮ ਦਾ ਕਿਣਕਾ ਬਫ਼ਸ਼, ਪ੍ਰਖਣ ਆਏ ਨੂੰ ਨੇਤਰ ਬਖਸ਼।' ਇਹ ਕਹਿ ਮੁੜ ਸੀਸ ਚਰਨਾਂ ਤੇ ਰੱਖ ਦਿੱਤਾ। 'ਮੈਂ ਤੇਰਾ, ਮੈਂ ਤੇਰਾ, ਹੋਰ ਤਾਂ ਭਰਮ ਸਾਰੇ ਦੂਰ ਹੋ ਗਏ ਹਨ, ਨਾਮ ਦੀ ਭੁੱਖ ਰਹਿ ਗਈ ਏ, ਹੋਰ ਨਾ ਤਰਸਾ। ਕਰ ਮਿਹਰ ਤੇ ਇਕ ਘੁੱਟ ਪਲਾ ਦੇ।' ਇਤਨੀ ਬਿਹਬਲਤਾ ਦੇਖ ਗੁਰੂ ਜੀ ਤੁਠ ਪਏ। ਇਕ ਸਿੱਖ ਵਲ ਇਸ਼ਾਰਾ ਕੀਤਾ। ਓਸ ਕੰਨ ਵਿਚ ਭਜਨ ਦੱਸ ਦਿੱਤਾ। ਬਸ ਫੂਕ ਵੱਜਣ ਦੀ ਦੇਰ ਸੀ, ਕਵਾੜ ਖੁੱਲ੍ਹ ਗਏ, ਤੇ ਬਾਹਰਲੇ ਦਰਵਾਜ਼ੇ ਬੰਦ ਹੋ ਗਏ। ਸਰਦਾਰ ਮੰਗਲ ਸਿੰਘ ਬੇਸੁੱਧ ਹੋ ਗਿਆ, ਤੇ ਏਸੇ ਰੰਗ ਵਿਚ ਉਸਨੂੰ ਡੇਰੇ ਪਹੁੰਚਾ ਦਿੱਤਾ ਗਿਆ।

(5)

ਸਰਦਾਰ ਮੰਗਲ ਸਿੰਘ ਘਰ ਪੁੱਜਾ। ਜਾਂਦਿਆਂ ਹੀ ਕੁਕੜਾਂ ਦੇ ਪਿੰਜਰੇ ਤੋੜ ਦਿੱਤੇ। ਬੱਕਰਿਆਂ ਦੀਆਂ ਰੱਸੀਆਂ ਲਾਹ ਦਿੱਤੀਆਂ, ਭਰੀਆਂ ਬੋਤਲਾਂ ਰੁੜ੍ਹਾ ਦਿੱਤੀਆਂ! ਟਹਿਲੂਏ ਨੇ ਡਰਦਿਆਂ ਡਰਦਿਆਂ ਪੁੱਛਿਆ "ਸਰਦਾਰ ਜੀ, ਚੀਨੀ ਕਿੱਥੇ ਏ?" ਸਰਦਾਰ ਨੇ ਬੜੇ ਵੈਰਾਗ ਵਿਚ ਕਿਹਾ, "ਚੀਨੀ ਜਿਸਦੀ ਹੈ ਸੀ, ਓਸੇ ਪਾਸ ਚਲੀ ਗਈ ਏ। ਇਹ ਘਰ ਬਾਹਰ ਵੀ ਓਸੇ ਚੀਨੀ ਵਾਲੇ ਦਾ ਹੈ। ਇਹ ਮਹਿਲ ਮਾੜੀਆਂ ਵੀ ਓਸੇ ਚੀਨੀ ਵਾਲੇ ਦੀਆਂ ਹਨ। ਇਹਨਾਂ

ਖੇਤਾਂ ਤੇ ਬਾਗਾਂ ਦਾ ਮਾਲਕ ਵੀ ਓਹੀ ਚੀਨੀ ਵਾਲਾ ਹੈ। ਇਹਨਾਂ ਹਲਟਾਂ, ਖੂਹਾਂ ਦਾ ਮਾਲਕ ਵੀ ਓਹੀ ਚੀਨੀ ਵਾਲਾ ਹੈ। ਇਹ ਤਬੇਲੇ, ਇਹ ਘੋੜੇ, ਇਹ ਘੋੜੀਆਂ ਵੀ ਉਸੇ ਚੀਨੀ ਵਾਲੇ ਦੀਆਂ ਹਨ। ਮੈਂ ਤਾਂ ਉਸ ਚੀਨੀ ਵਾਲੇ ਦੇ ਦਰ ਦਾ ਕੁੱਤਾ ਹੈ। ਇਸ ਘਰ ਵਿਚ ਤਾਂ ਚੀਨੀ ਕੇਵਲ ਚੀਨੀ ਸੀ। ਮਗਰ ਉਸ ਚੀਨੀ ਵਾਲੇ ਦੇ ਚਰਨਾਂ ਦੀ ਛੁਹ ਪ੍ਰਾਪਤ ਕਰ ਕੇ ਚੀਨੀ ਬਣ ਗਈ ਹੈ।"

ਸਰਦਾਰ ਤਾਂ ਮਸਤ ਹੋਇਆ ਇਹ ਸ਼ਬਦ ਭੋਲੇ ਟਹਿਲੂਏ ਨੂੰ ਕਹਿ ਰਿਹਾ ਸੀ, ਮਗਰ 'ਕੰਵਰ' ਸੋਹਣੀ ਚੀਨੀ ਦੇ ਦਰਸ਼ਨ ਕਰ, ਤੇ ਉਸਦਾ ਜਲਵਾ ਤਕ ਉਸਨੂੰ ਸੰਬੋਧਨ ਕਰਦਿਆਂ, ਜੋ ਕਿਹਾ ਉਹ ਮੇਰੇ ਕੰਨਾਂ ਵਿਚ ਇਉਂ ਹਰ ਵੇਲੇ ਗੂੰਜਦਾ ਰਹਿੰਦਾ ਹੈ:-

ਤੇਰਾ ਚਰਨ ਉਹ ਹੱਥ ਕਰਤਾਰ ਦਾ ਸੀ,
ਜਿਸ ਧਰਤ ਦਾ ਧੜਕਣ ਬੰਦ ਕੀਤਾ।
ਜਿਸ ਜਗਹ ਤੇ ਚੀਨੀ ਦੀ ਖੁਰੀ ਲੱਗੀ,
ਓਥੇ ਵਾਸ ਆ ਧਰਮ ਦੇ ਚੰਦ ਕੀਤਾ।
ਜਿਸ ਰਾਹ ਲੰਘੀ ਸੱਚੇ ਸ਼ਾਹ ਉਸਦਾ,
ਸ਼ਾਨ ਕਹਿਕਸ਼ਾਂ ਨਾਲੋਂ ਬੁਲੰਦ ਕੀਤਾ।
ਉਹਦੀ ਟੁੱਟੀ ਹੋਈ ਗਾਨੀ ਇਨਾਮ ਲੈ ਕੇ,
ਇੰਦਰ ਹੂਰਾਂ ਲਈ ਹਾਰ ਪਸੰਦ ਕੀਤਾ।

ਇਸ ਪਰਸੰਗ ਨੂੰ ਸ੍ਰ: ਕਿਹਰ ਸਿੰਘ ਜੀ ਨੇ ਸੁਣਾਇਆ ਸੀ।

ਵੱਡਾ ਭੰਡਾਰੀ

ਬਿਕਰਮੀ ਸੰਮਤ 1956 ਦੀ ਗੱਲ ਹੈ ਕਿ ਪੰਜਾਬ ਵਿਚ ਮੀਂਹ ਨਾ ਪਿਆ। ਖੇਤੀਆਂ ਸੜ ਸੁਕ ਗਈਆਂ, ਭਿਆਨਕ ਕਾਲ ਮੂੰਹ ਅੱਡ ਸਾਹਮਣੇ ਆ ਖਲੋਤੇ। ਗ਼ਰੀਬ ਲੋਕ ਪੇਟ ਦੀ ਅੱਗ ਬੁਝਾਉਣ ਵਾਸਤੇ ਏਧਰ-ਓਧਰ ਫਿਰਨ। ਬਾਗੜ ਤਾਂ ਸਾਰਾ ਖ਼ਾਲੀ ਹੋ ਗਿਆ।

ਇਹਨਾਂ ਨੂੰ ਪਤਾ ਲਗਾ ਕਿ ਜ਼ਿਲ੍ਹਾ ਲੁਧਿਆਣਾ ਵਿਚ ਭੈਣੀ ਸਾਹਿਬ ਇਕ ਸਥਾਨ ਹੈ, ਜਿਥੋਂ ਗ਼ਰੀਬਾਂ ਦੀ ਭੁੱਖ ਦੂਰ ਹੁੰਦੀ ਹੈ। ਬਾਗੜੀ ਖੋਤਿਆਂ ਤੇ ਊਠਾਂ ਤੇ ਬਾਲ-ਬੱਚੇ ਲੱਦ, ਪੁਛਦੇ ਪੁਛਾਂਦੇ ਸ੍ਰੀ ਭੈਣੀ ਸਾਹਿਬ ਪੁੱਜ ਗਏ ਅਤੇ ਚੀਨੀ ਵਾਲੇ ਪਾਤਸ਼ਾਹ ਦੇ ਸਦਾ ਬਰਤ ਤੋਂ ਲੱਗੇ ਭੁੱਖ ਦੇ ਭੂਤ ਭਜਾਉਣ। ਉਨ੍ਹਾਂ ਦਿਨਾਂ ਵਿਚ ਲੋੜਵੰਦਾਂ ਦੇ ਦੁਖ ਤੇ ਭੁਖ ਗੁਰੂ ਹਰੀ ਸਿੰਘ ਜੀ ਦੂਰ ਕਰਦੇ ਸਨ। ਉਹ ਕਿਸੇ ਦਾ ਦੁੱਖ ਸਹਾਰ ਨਹੀਂ ਸਕਦੇ ਸਨ। ਗ਼ਰੀਬ ਨਿਵਾਜ਼ ਹੋਰਨਾਂ ਨੂੰ ਦੁੱਖ ਤੋਂ ਬਚਾਉਂਦੇ ਅਤੇ ਆਪ ਉਨ੍ਹਾਂ ਦਾ ਦੁੱਖ ਸਹਾਰਦੇ ਸਨ। ਉਸ ਸਮੇਂ ਸ੍ਰੀ ਭੈਣੀ ਸਾਹਿਬ ਦੇ ਬੂਹੇ ਤੇ ਪੋਲੀਸ ਦੀ ਚੌਂਕੀ ਸੀ, ਪੁਲਸੀਏ ਪਰਦੇਸੀਆਂ ਨੂੰ ਤੰਗ ਕਰਦੇ ਸਨ। ਪਰ ਗੁਰੂ ਜੀ ਨੇ ਲੋੜਵੰਦਾਂ ਨੂੰ ਸਮਝਾ ਦਿਤਾ ਕਿ ਤੁਸੀਂ ਇਕ-ਦੋ ਦਿਨ ਲਾਂਭੇ ਗੁਜ਼ਾਰ ਕੇ ਮੁੜ ਏਥੇ ਆ ਜਾਇਆ ਕਰੋ। ਉਨ੍ਹਾਂ ਗ਼ਰੀਬਾਂ ਦੇ 'ਧੰਨ ਗੁਰੂ ਹਰੀ ਸਿੰਘ ਧੰਨ ਗੁਰੂ ਹਰੀ ਸਿੰਘ ਜੀ' ਕਹਿੰਦਿਆਂ ਮੂੰਹ ਨਹੀਂ ਸਨ ਸੁਕਦੇ।

ਕਹਿੰਦੇ ਹਨ ਕਿ ਹਿਸਾਰ ਦੇ ਡਿਪਟੀ ਕਮਿਸ਼ਨਰ ਨੇ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਨੂੰ ਤਾਰ ਦਿੱਤੀ ਕਿ ਤੁਹਾਡੇ ਜ਼ਿਲ੍ਹੇ ਵਿਚ ਕੋਈ ਭੈਣੀ ਸਾਹਿਬ ਦੇ ਨਾਉਂ ਦਾ ਸਥਾਨ ਹੈ। ਉਥੇ ਸਦਾ ਬਰਤ ਹੈ। ਬਾਗੜ ਵਿਚ ਕਾਲ ਪੈ ਗਿਆ ਹੈ। ਇਧਰ ਦੇ ਲੋਕ ਉਖੜ ਕੇ ਟੱਬਰਾਂ ਦੇ ਟੱਬਰ ਆ ਰਹੇ ਹਨ। ਤੁਸੀਂ ਪ੍ਰਬੰਧਕਾਂ ਨੂੰ ਖ਼ਬਰਦਾਰ ਕਰ ਦਿਓ ਕਿ ਉਹ ਸੰਭਲ ਕੇ ਵਰਤਣ।

ਲੁਧਿਆਣੇ ਦੇ ਡਿਪਟੀ ਕਮਿਸ਼ਨਰ ਨੇ ਇਹ ਸੁਣਕੇ ਉਚੇਚਾ ਬੰਦਾ ਭੈਣੀ ਸਾਹਿਬ ਨੂੰ ਭੇਜਿਆ। ਉਸ ਆ ਕੇ ਠੰਡੀ ਮੂਰਤੀ ਗੁਰੂ ਹਰੀ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ, "ਮਹਾਰਾਜ ਤੁਸੀਂ ਸੋਚ ਕੇ ਘਰ ਵਰਤੋ, ਬਾਗੜ ਉਲਟ ਕੇ ਇਧਰ ਆ ਰਿਹਾ ਹੈ। ਸਭ ਪਾਸੇ ਕਾਲ ਪੈ ਗਿਆ ਏ।" ਗੁਰੂ ਜੀ ਨੇ ਬਚਨ ਕੀਤਾ, "ਇਸ ਲੰਗਰ ਦਾ ਖਸਮ ਸਤਿਗੁਰੂ ਰਾਮ ਸਿੰਘ ਹੈ ਉਨ੍ਹਾਂ ਦਾ ਹੁਕਮ ਹੈ, ਭੁੱਖੇ ਨੂੰ ਰੋਟੀ, ਨੰਗੇ ਨੂੰ ਕੱਪੜਾ ਦਿਓ। ਉਨ੍ਹਾਂ ਦੇ ਹੁਕਮ ਦੀ ਅਦੂਲੀ ਮੈਂ ਨਹੀਂ ਕਰ ਸਕਦਾ, ਮੇਰਾ ਕੰਮ ਹੁਕਮ ਪਾਲਣਾ ਹੈ, ਲੰਗਰ

ਦਾ ਫ਼ਿਕਰ ਮਾਲਕ ਨੂੰ ਹੈ। ਜਿੰਨਾਂ ਚਿਰ ਕੋਲ ਹੈ ਵਰਤਾਵਾਂਗਾ, ਕੋਠਿਆਂ ਦੀਆਂ ਕੜੀਆਂ ਵੇਚ ਕੇ ਖਵਾਵਾਂਗਾ। ਜਦ ਮੁਕ ਜਾਵੇਗਾ ਤਦੋਂ ਇਹਨਾਂ ਦੇ ਨਾਲ ਹੀ ਟੁਰ ਪਵਾਂਗਾ।" ਉਹ ਅਹਿਲਕਾਰ ਗੁਰੂ ਜੀ ਦੇ ਉਦਾਰਤਾ ਭਰੇ ਬਚਨ ਸੁਣਕੇ ਗਦ ਗਦ ਹੋ ਉਠਿਆ ਅਤੇ ਨਮਸ਼ਕਾਰ ਕਰਕੇ ਵਾਪਸ ਮੁੜ ਗਿਆ।

ਗੁਰੂ ਜੀ ਨੇ ਹੁਕਮ ਦੇ ਦਿੱਤਾ "ਸਾਰਾ ਅਨਾਜ ਇਕ ਠੇਕੀ ਵਿਚ ਪਾ ਦਿਓ। ਉਪਰੋਂ ਬੰਦ ਕਰ ਦਿਓ, ਹੇਠੋਂ ਕੱਢੀ ਜਾਓ, ਗੁਰੂ ਗੁਰੂ ਜਪੋ, ਜਿਸਦੀ ਵਸਤ ਹੈ ਆਪੇ ਲਾਜ ਰਖੇਗਾ। ਕਿਸੇ ਨੂੰ ਭੁੱਖਾ ਨਾ ਜਾਣ ਦਿਓ।" ਸੰਗਤ ਸਤ ਬਚਨ ਕਹਿ ਸਿਰ ਨਿਵਾ ਦਿੱਤਾ। ਅਨਾਜ ਠੇਕੀ ਵਿਚ ਪਾ ਦਿੱਤਾ ਗਿਆ। ਉਪਰੋਂ ਬੰਦ ਕਰ ਦਿੱਤਾ ਗਿਆ। ਗੁਰੂ ਜੀ ਨੇ ਠੇਕੀ ਨੂੰ ਚਰਨ ਲਾ ਦਿੱਤੇ ਅਤੇ ਪ੍ਰਬੰਧਕਾਂ ਨੇ ਹੁਕਮ ਅਨੁਸਾਰ ਪਰਸ਼ਾਦ ਵਰਤਾਉਣਾ ਆਰੰਭ ਕਰ ਦਿੱਤਾ।

ਬਿਰਧਾਂ ਪਾਸੋਂ ਸੁਣਿਆ ਹੈ ਕਿ ਨਾਮਧਾਰੀ ਸਾਧ ਸੰਗਤ ਤੋਂ ਬਿਨਾ ਸੈਂਕੜਿਆਂ ਦੀ ਰੋਜ਼ ਦੀ ਪੰਗਤ ਲਗਦੀ ਸੀ। ਲੋੜਵੰਦਾਂ ਨੂੰ ਜਿੱਥੇ ਪਰਸ਼ਾਦਾ ਮਿਲਦਾ ਸੀ, ਓਥੇ ਉਨ੍ਹਾਂ ਦੇ ਪਸ਼ੂਆਂ ਨੂੰ ਲੋੜ ਅਨੁਸਾਰ ਤੂੜੀ ਪੱਠਾ ਵੀ ਰੋਜ਼ ਮਿਲਦਾ ਸੀ।

ਦਿਨ ਲੰਘਦੇ ਗਏ। ਮਹੀਨਿਆਂ ਵਿਚ ਪੈਰ ਪੈ ਗਿਆ। ਇਕ ਗਿਆ, ਦੋ ਗਏ, ਤਿੰਨ ਗਏ, ਚਾਰ ਗਏ, ਪੰਜ ਗਏ। ਪੂਰੇ ਛੇ ਮਹੀਨੇ ਲੰਘੇ। ਧਰਤੀ ਸੂਰਜ ਦੁਆਲੇ ਅੱਧਾ ਪੰਧ ਮੁਕਾ ਲਿਆ। ਬਾਗੜੀਆਂ ਦੀ ਸੁਣੀ ਗਈ। ਓਧਰ ਮੀਂਹ ਪੈ ਗਿਆ। ਮੀਂਹ ਦੀ ਖ਼ਬਰ ਸੁਣ ਕੇ ਪਰਦੇਸੀ ਘਰਾਂ ਨੂੰ ਮੁੜ ਗਏ ਪਰ ਜਾਂਦੇ ਜਾਂਦੇ ਗਾਉਂਦੇ ਜਾਂਦੇ ਸਨ, ਉਹ ਆਪ ਵੀ ਤੇ ਉਨ੍ਹਾਂ ਦੇ ਬਾਲ-ਬੱਚੇ ਵੀ:-

ਗੁਰੂ ਜੀ ਥਾਰੋ, ਭੰਡਾਰੋ ਭਰਪੂਰ,
ਗੁਰੂ ਜੀ ਥਾਰੋ।
ਤੁਸੀਂ ਜੁਗ ਜੁਗ ਜੀਓ,
ਠਾਰੋ ਕੰਗਲੋ ਕੋ ਹੀਓ।
ਕਰਦੋ ਕੰਚਨ ਮਨੂਰ, ਗੁਰੂ ਜੀ ਥਾਰੋ।

ਇਸ ਲੰਗਰ ਦੀਆਂ ਧੁੰਮਾਂ ਚੌਹੀਂ ਪਾਸੀਂ ਫੈਲ ਗਈਆਂ। ਸਰਕਾਰੀ ਤੇ ਗ਼ੈਰ-ਸਰਕਾਰੀ ਥਾਵਾਂ ਤੇ ਗੁਰੂ ਹਰੀ ਸਿੰਘ ਜੀ ਤੇ ਸ੍ਰੀ ਭੈਣੀ ਸਾਹਿਬ ਦਾ ਚਰਚਾ ਸੀ। ਸਾਰਿਆਂ ਦੀ ਜ਼ਬਾਨ ਤੇ ਸੀ, 'ਇਹ ਕਾਰ ਬੰਦੇ ਦੀ ਨਹੀਂ, ਅਵਤਾਰ ਦੀ ਹੈ। ਇਹ ਕੰਮ ਰਾਜੇ-ਮਹਾਰਾਜੇ ਨਹੀਂ ਕਰ ਸਕਦੇ, ਜਿੰਨਾ ਭੈਣੀ ਵਾਲੇ ਕੀਤਾ ਹੈ। ਇਹ ਕਰਾਮਾਤ ਹੈ, ਕਰਾਮਾਤ।'

ਸੁਗੰਧੀ ਫੈਲਦੀ ਗਈ ਤੇ ਫੈਲਦੀ ਗਈ ਤੇ ਅਪੜ ਗਈ, ਸਰਕਾਰੇ ਦਰਬਾਰੇ। ਨਾਮਧਾਰੀਆਂ ਦੇ ਸੱਜਣਾਂ ਤੇ ਦੁਸ਼ਮਣਾਂ ਦੋਹਾਂ ਸ਼ਲਾਘਾ ਕੀਤੀ। ਪੰਜਾਬ ਦਾ ਲਾਟ ਦੌਰੇ ਤੇ ਸੀ, ਉਹ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਅਤੇ ਹੋਰ ਅਹਿਲਕਾਰਾਂ ਸਮੇਤ ਸ੍ਰੀ ਭੈਣੀ ਸਾਹਿਬ ਪੁੱਜਾ। ਇਲਾਕੇ ਦੇ ਨੰਬਰਦਾਰ, ਜ਼ੈਲਦਾਰ ਤੇ ਹੋਰ ਮੁਲਖੀਆ ਇਕੱਠਾ ਹੋ ਗਿਆ। ਸਭ ਹੈਰਾਨ ਸਨ ਕਿ ਪਤਾ

ਨਹੀਂ ਸਾਹਿਬ ਨਾਮਧਾਰੀਆਂ ਨੂੰ ਕੀ ਹੁਕਮ ਸੁਣਾਉਂਦਾ ਹੈ। ਇਕ ਖਾਸਾ ਦਰਬਾਰ ਲਗ ਗਿਆ।

ਸਾਹਿਬ ਨੇ ਉਚੇਚਾ ਆਦਮੀ ਭੇਜ ਕੇ ਗੁਰੂ ਹਰੀ ਸਿੰਘ ਜੀ ਨੂੰ ਦਰਸ਼ਨ ਦੇਣ ਲਈ ਕਿਹਾ। ਗੁਰੂ ਜੀ ਹਜ਼ੂਰੀ ਸਿੰਘਾਂ ਨਾਲ ਲਾਟ ਸਾਹਿਬ ਪਾਸ ਗਏ। ਸਾਹਿਬ ਗੁਰੂ ਜੀ ਨੂੰ ਵੇਖ ਕੁਰਸੀ ਤੋਂ ਉਠ ਖਲੋਤਾ। ਬੈਠਣ ਵਾਸਤੇ ਕੁਰਸੀ ਪੇਸ਼ ਕੀਤੀ। ਗੁਰੂ ਜੀ ਬਿਰਾਜਮਾਨ ਹੋ ਗਏ। ਲਾਟ ਸਾਹਿਬ ਨੇ ਕਿਹਾ, "ਬਾਬਾ ਸਾਹਿਬ, ਆਪ ਨੇ ਬੜਾ ਕਾਮ ਕੀਆ ਹੈ, ਇਸ ਕਾਲ ਮੇਂ ਇਤਨੇ ਗ਼ਰੀਬ ਗ਼ੁਰਬੋਂ ਕੋ ਮੌਤ ਕੇ ਮੂੰਹ ਸੇ ਬਚਾਇਆ ਹੈ। ਸਰਕਾਰ ਆਪ ਕੇ ਕਾਮ ਸੇ ਬਹੁਤ ਖੁਸ਼ ਹੈ, ਔਰ 80 ਮੁਰੱਬਾ ਜ਼ਮੀਨ ਇਸ ਲੰਗਰ ਕੇ ਲੀਏ ਪੇਸ਼ ਕਰਤੀ ਹੈ, ਆਪ ਪਰਵਾਨ ਕਰੋ।" ਗੁਰੂ ਜੀ ਮੁਸਕਰਾ ਪਏ, ਮਗਰ ਸਿਰ ਫੇਰ ਦਿੱਤਾ ਤੇ ਬਚਨ ਕੀਤਾ, "ਸਾਹਬ! ਇਹ ਮੇਰੇ ਚੀਨੀ ਵਾਲੇ ਪਾਤਸ਼ਾਹ ਦਾ ਲੰਗਰ ਹੈ, ਇਹ ਸਭ ਮਿਹਰ ਉਸ ਦੀ ਹੈ, 80 ਮੁਰੱਬੇ ਲੈ ਕੇ ਅਸਾਂ ਕੀ ਕਰਨਾ ਹੈ, ਇਹ ਸਾਰੀ ਧਰਤੀ ਗੁਰੂ ਜੀ ਦੀ ਹੈ।"

ਇਹ ਸ਼ਬਦ ਸੁਣ ਸਭ ਪਤਵੰਤੇ 'ਧੰਨ ਗੁਰੂ ਹਰੀ ਸਿੰਘ ਜੀ, ਧੰਨ ਗੁਰੂ ਰਾਮ ਸਿੰਘ ਜੀ' ਕਹਿੰਦਿਆਂ, ਸਤਿਕਾਰ ਨਾਲ ਸਿਰ ਨਿਵਾਇਆ। ਸਾਹਬ ਵਾਪਸ ਚਲਾ ਗਿਆ, ਅਤੇ ਲੋਕ ਘਰਾਂ ਨੂੰ ਮੁੜ ਗਏ।

ਭੁੱਜੇ ਦਾਣੇ ਬੀਜੋ

'ਰੱਬ ਦੇ ਨਾਉਂ ਦਾ ਪੈਸਾ, ਗੁਰੂ ਦੇ ਨਾਉਂ ਦਾ ਪੈਸਾ! ਬਾਬੇ ਹਜਰੋਂ ਵਾਲੇ ਦੇ ਨਾਉਂ ਦਾ ਪੈਸਾ!! ਕੋਈ ਦਾਨੀ ਦਾਨ ਕਰੇ।' ਇਹਨਾਂ ਸ਼ਬਦਾਂ ਨਾਲ ਇਕ ਫ਼ਕੀਰ ਹਜਰੋਂ ਸਾਹਿਬ ਦੇ ਬਜ਼ਾਰ ਵਿਚ ਦੀ ਲੰਘਿਆ। ਕਿਸੇ ਹੱਥ ਦੇ ਇਸ਼ਾਰੇ ਨਾਲ, ਅਗਲੇ ਘਰ ਦਾ ਰਾਹ ਵਿਖਾ ਦਿੱਤਾ। ਇਕ ਭਲੇ ਲੋਕ ਨੇ ਕਿਹਾ, 'ਭਾਈ ਪਰਸ਼ਾਦ ਛੱਕ ਲੈ ਪੈਸੇ ਇਕੱਠੇ ਕਰ ਕੀ ਕਰੇਂਗਾ?'

'ਬਾਬਾ ਜੀ! ਸਰਦੀਆਂ ਆ ਰਹੀਆਂ ਨੇ, ਭੂਰੇ ਦੀ ਲੋੜ ਏ, ਜੇ ਮਿਲ ਜਾਵੇ, ਹੋਰ ਸਾਨੂੰ ਫ਼ਕੀਰਾਂ ਨੂੰ ਪੈਸਿਆਂ ਦੀ ਕੀ ਲੋੜ। ਫ਼ਕੀਰ ਨੇ ਉੱਤਰ ਦਿੱਤਾ। 'ਤੇਰਾ ਕੰਮ ਏਥੇ ਨਹੀਂ ਬਣਨਾ, ਨਗਰ ਦੇ ਬਾਹਰ ਇਕ ਬਗੀਚੀ ਏ, ਬਗੀਚੀ ਵੀ ਉਹ ਜਿਹੜੀ ਅਰਸ਼ਾਂ ਤੋਂ ਉਤਰੀ ਏ। ਓਥੇ ਨਿਰੰਕਾਰ ਦਾ ਰੂਪ, ਗੁਰੂ ਬਾਲਕ ਸਿੰਘ ਜੀ, ਸੰਗਤਾਂ ਨੂੰ ਦਰਸ਼ਨ ਦੇ ਰਹੇ ਨੇ। ਲੋੜਵੰਦਾਂ ਦੀਆਂ ਲੋੜਾਂ ਨੇਪਰੇ ਚਾੜ੍ਹਦੇ ਨੇ, ਸੰਸਾਰ ਵਿਚ ਰੁੜ੍ਹ ਰਹੇ ਜੀਆਂ ਨੂੰ ਭਵਜਲੋਂ ਪਾਰ ਕਰਦੇ ਨੇ, ਅੰਨਿਆਂ ਨੂੰ ਚਾਨਣ ਬਖਸ਼ਦੇ ਨੇ, ਗੂੰਗਿਆਂ ਨੂੰ ਬੋਲ ਤੇ ਬੋਲਿਆਂ ਨੂੰ ਸੁਣਨ ਦੀ ਤਾਕਤ ਦੇਂਦੇ ਨੇ। ਉਹ ਹੱਟੀ ਹਰ ਵੇਲੇ ਖੁੱਲ੍ਹੀ ਰਹਿੰਦੀ ਏ, ਉਸ ਦੇ ਬੂਹੇ ਕਦੇ ਬੰਦ ਨਹੀਂ ਹੁੰਦੇ, ਤੂੰ ਵੀ ਓਥੇ ਜਾ, ਜੋ ਮੂੰਹੋਂ ਮੰਗੇਂਗਾ ਮੁਰਾਦਾਂ ਪਾਏਂਗਾ।' ਗਲੀ ਵਿਚੋਂ ਲੰਘਦੇ ਇਕ ਭਲੇ ਲੋਕ ਨੇ ਕਿਹਾ, 'ਨਾਲੇ ਵੇਖੀਂ ਉਹ ਬਗੀਚੀ ਨਗਰੋਂ ਬਾਹਰ ਏ, ਇਸ ਮੋੜ ਤੋਂ ਸੱਜ ਹੱਥ ਮੁੜਨਾ, ਫੇਰ ਦੂਜੇ ਬੰਨੇ, ਖੱਬੇ, ਉਸ ਤੋਂ ਸਿੱਧੀ ਅੱਗੇ ਬਗੀਚੀ ਏ, ਉਹ ਗੁਰੂ ਬਾਬਾ ਅਣਮੰਗਿਆ ਦਾਨ ਦੇਂਦਾ ਏ, ਉਹ ਊਣੇ ਭਰਦੇ ਏ, ਨਿਸ਼ੰਗ ਹੋ ਕੇ ਜਾ।'

'ਵਾਹ ਬਾਬਾ! ਤੇਰਾ ਭਲਾ ਹੋਵੇ, ਤੂੰ ਮੇਰੀ ਅੱਧੀ ਲੋੜ ਤਾਂ ਹੁਣੇ ਪੂਰੀ ਕਰ ਦਿੱਤੀ ਏ, ਫ਼ਕੀਰ ਨੇ ਟੁਰਦਿਆਂ ਕਹਿਆ। ਫ਼ਕੀਰ ਬਗੀਚੀ ਵਿਚ ਪੁੱਜਾ, ਗੁਰੂ ਜੀ ਦੇ ਤੇ ਗੁਰੂ ਜੀ ਦੀ ਸੰਗਤ ਦੇ ਦਰਸ਼ਨ ਕਰ ਵਿਸਮਾਦ ਹੋ ਗਿਆ। ਇਹ ਸੁੰਦਰ ਚਿੱਤਰ ਉਸ ਪਹਿਲੀ ਵਾਰੀ ਉਮਰ ਵਿਚ ਤਕਿਆ ਸੀ। ਉਹ ਸੰਸਾਰ ਤੇ ਕੇਵਲ ਖਾਣਾ, ਸੌਣਾ ਤੇ ਭੋਗ ਹੀ ਜਾਣਦਾ ਸੀ, ਮਗਰ ਏਥੇ ਆ ਉਸ ਨੂੰ ਪਤਾ ਲੱਗਾ ਕਿ ਏਥੋਂ ਦੀ ਦੁਨੀਆਂ ਇਕ ਵੱਖਰੀ ਦੁਨੀਆਂ ਏ, ਪਰ ਅਜੇ ਉਸ ਨੂੰ ਦਰਸ਼ਨਾਂ ਨਾਲੋਂ ਆਪਣੀ ਲੋੜ ਦੀ ਬਹੁਤੀ ਕਾਹਲੀ ਸੀ। ਛੇਤੀ ਛੇਤੀ ਗਿਆ ਤੇ ਗੁਰੂ ਜੀ ਨੂੰ ਮੱਥਾ ਟੇਕਿਆ ਤੇ ਅਰਜ਼ ਕੀਤੀ, 'ਮਹਾਰਾਜ ਮੈਨੂੰ ਕੁਝ ਚਾਹੀਦਾ ਹੈ।' ਹੰਸ ਰੂਪੀ ਸੰਗਤ, ਗੁਰੂ ਜੀ ਦੇ ਬਚਨਾਂ ਰੂਪੀ ਮੋਤੀਆਂ ਦੀ ਚੋਗ ਚੁਗ ਰਹੀ ਸੀ। ਉਹਨਾਂ ਆਪਣੇ ਰੰਗ ਵਿਚ ਭੰਗ ਪੈਂਦਾ ਵੇਖਿਆ ਤਾਂ

ਹਜੂਰੀ ਸਿੰਘ ਨੇ ਜਿਹੜਾ ਪਾਸ ਖਲੋਤਾ ਸੀ, ਚੁੱਪ ਕਰਨ ਲਈ ਇਸ਼ਾਰਾ ਕੀਤਾ ਅਤੇ ਠਹਿਰਨ ਵਾਸਤੇ ਕਿਹਾ। ਮਗਰ ਜਿਵੇਂ ਭੁੱਖਾ ਸਾਹਮਣੇ ਪਰਸ਼ਾਦਾ ਦੇਖ ਕੇ ਬਿਹਬਲ ਹੁੰਦਾ ਏ ਤਿਵੇਂ ਫ਼ਕੀਰ ਦੀ ਹਾਲਤ ਹੋਈ। ਫੇਰ ਬੋਲਿਆ, 'ਮਹਾਰਾਜ! ਮੈਂ ਬੜੀ ਆਸ ਕਰਕੇ ਆਇਆ ਹਾਂ, ਮੇਰੇ ਤੇ ਕਿਰਪਾ ਕਰੋ।' ਮਗਰ ਸਿੰਘ ਨੇ ਬਾਹੋਂ ਫੜ ਲਿਆ ਅਤੇ ਦੂਰ ਲਿਜਾ ਬਿਠਾ ਦਿੱਤਾ।

ਪਿੱਛੇ ਗੁਰੂ ਜੀ ਦਾ ਭਗਤ, ਭਾਈ ਸੰਤ ਸਿੰਘ ਜੀ ਬੈਠੇ ਸਨ। ਉਹਨਾਂ ਹੌਲੀ ਜੇਹੀ ਪੁੱਛਿਆ, 'ਭਲਿਆ ਲੋਕਾ, ਤੈਨੂੰ ਕੀ ਚਾਹੀਦਾ ਹੈ?' ਭਾਈ ਜੀ, 'ਲੋਈ'। ਸਰਦੀ ਆ ਰਹੀ ਏ, ਬੜੀ ਦੂਰੋਂ ਆਸ ਨਾਲ ਆਇਆ ਹਾਂ। ਭਾਈ ਜੀ ਆਖਿਆ, 'ਬਹਿ ਜਾ ਤੇ ਆਹ ਲੈ ਲੋਈ' ਫ਼ਕੀਰ ਦੀਆਂ ਖ਼ੁਸ਼ੀਆਂ ਨਾਲ ਜਾਮੇ ਦੀਆਂ ਤਣੀਆਂ ਟੁੱਟ ਗਈਆਂ ਤੇ ਨਿਮਸ਼ਕਾਰ ਕਰਦਿਆਂ ਮੂੰਹੋਂ ਬੋਲਾ ਕੀਤਾ, 'ਏਕ ਤੋਂ ਅਨੇਕ ਬੀਜਿਆ ਹਰਿਆ ਹੋਵੇ' ਫ਼ਕੀਰ ਨੇ ਇਹ ਵਾਕ ਤਿੰਨ ਵਾਰੀ ਕਹੇ ਤੇ ਮੁੜਨ ਲੱਗਾ। ਮਗਰ ਦਾਨ ਦੀ ਮੂਰਤੀ ਭਾਈ ਸੰਤ ਸਿੰਘ ਜੀ ਕਿਹਾ, 'ਫ਼ਕੀਰ ਸਾਂਈਂ! ਉਰੇ ਆ' ਫ਼ਕੀਰ ਨੇੜੇ ਹੋਇਆ ਤਾਂ ਉਸ ਪਾਸੋਂ ਲੋਈ ਲੈ ਲਈ। ਉਹ ਵਿਚਾਰਾ ਇਉਂ ਚੁੱਪ ਹੋ ਕੇ ਬਹਿ ਗਿਆ ਜਿਵੇਂ ਹੱਥ ਆਇਆ ਲਾਲ ਤਿਲਕ ਜਾਂਦਾ ਏ। ਵਿਚਾਰਾ ਬੜਾ ਹੈਰਾਨ ਤੇ ਪ੍ਰੇਸ਼ਾਨ ਹੋ ਗਿਆ ਤੇ ਇਕ ਪਾਸੇ ਬਹਿ ਗਿਆ।

ਕਥਾ ਦੀ ਸਮਾਪਤੀ ਹੋ ਗਈ। ਸੰਗਤਾਂ ਗੁਰੂ ਜੀ ਨੂੰ ਮੱਥਾ ਟੇਕ ਟੇਕ ਖ਼ੁਸ਼ੀਆਂ ਲੈ ਲੈ ਘਰਾਂ ਨੂੰ ਜਾਣ ਲੱਗੀਆਂ ਤਾਂ ਇਹ ਫ਼ਕੀਰ ਗੁਰੂ ਜੀ ਪਾਸ ਫਰਿਆਦੀ ਹੋਇਆ ਤੇ ਅਰਜ਼ ਕੀਤੀ, 'ਸ਼ਹਿਨ ਸ਼ਾਹ! ਤੁਹਾਡੇ ਭਗਤ ਨੇ ਖ਼ੁਸ਼ੀ ਨਾਲ ਲੋਈ ਦਿੱਤੀ ਸੀ, ਫੇਰ ਆਪ ਹੀ ਵਾਪਸ ਲੈ ਲਈ ਸੂ, ਮੇਰਾ ਜ਼ੋਰ ਤਾਂ ਕੋਈ ਨਹੀਂ ਸੀ, ਪਰ ਤੁਹਾਡੇ ਅੱਗੇ ਬੇਨਤੀ ਹੈ ਕਿ ਤੁਹਾਡੇ ਘਰੋਂ ਖੰਡ ਬ੍ਰਹਿਮੰਡ ਖਾ ਰਹੇ ਨੇ, ਮੇਰੀ ਨਗੂਣੀ ਥੁੜ ਪੂਰਤੀ ਦੀ ਕਿਰਪਾਲਤਾ ਕਰੋ। ਤਾਂ ਗੁਰੂ ਜੀ ਭਾਈ ਸੰਤ ਸਿੰਘ ਜੀ ਵਲ ਕ੍ਰਿਪਾ ਦਰਿਸ਼ਟੀ ਕੀਤੀ ਤੇ 'ਪੁੱਛਿਆ, ਸੁਣਾਓ! ਭਾਈ ਸੰਤ ਸਿੰਘ ਜੀ ਕੀ ਗੱਲ ਏ'?

ਗ਼ਰੀਬ ਨਿਵਾਜ਼! ਗੱਲ ਕੀ ਏ, ਸਾਂਈਂ ਬਾਦਸ਼ਾਹ ਨਾਲ ਸੌਦਾ ਨਹੀਂ ਬਣਿਆ, ਇਸ ਵਾਸਤੇ ਲੋਈ ਵਾਪਸ ਲੈ ਲਈ ਏ', ਭਾਈ ਜੀ ਨੇ ਨਿਮਰਤਾ ਸਹਿਤ ਉੱਤਰ ਦਿੱਤਾ।

ਗੁਰੂ ਜੀ - "ਭਾਈ! ਗੱਲ ਨੂੰ ਜ਼ਰਾ ਖੋਲ੍ਹ ਕੇ ਸਮਝਾਓ, ਬਾਤਾਂ ਪਾਇਆਂ ਕੁਝ ਨਹੀਂ ਪੱਲੇ ਪੈਂਦਾ।"

ਸੰਤ ਸਿੰਘ - ਦੀਨ ਦਿਆਲ! 'ਤੁਸੀਂ ਸਭ ਕੁਝ ਜਾਣਦੇ ਹੋ! ਫੇਰ ਕੀ ਅਰਜ਼ ਕਰਾਂ। ਇਸ ਲੋਈ ਦੀ ਮੰਗ ਕੀਤੀ। ਮੈਂ ਲੋਈ ਦੇ ਦਿੱਤੀ। ਇਸ ਕਿਹਾ, ਇਕ ਤੋਂ ਅਨੇਕ, ਬੀਜਿਆ ਹਰਿਆ ਹੋਵੇ' ਅਸੀਂ ਤੇ ਤੇਰੇ ਦਰਸ਼ਨਾਂ ਦੇ ਅਭਿਲਾਖੀ ਹਾਂ, ਸੰਤਾਂ ਨੇ ਨਰਕ ਤੇ ਸੁਰਗ ਦੋਹਾਂ ਨੂੰ ਰੱਦ ਕੀਤਾ ਏ ਤੇ

ਮੈਂ ਇਸ ਲੋਈ ਖਾਤਰ ਮੁੜ ਮੁੜ ਗਰਭ ਵਿਚ ਆਉਂਦਾ ਰਹਾਂ, ਇਹ ਲੋਈ ਤੀਹ ਸਾਲ ਤਕ ਨਹੀਂ ਜਾ ਸਕਦੀ, ਜੇ ਘੱਟੋ ਘੱਟ ਇਕ ਲੋਈ ਵਾਸਤੇ ਵੀਹ ਤੀਹ ਸਾਲ ਵੀ ਜਨਮ ਧਾਰਾਂ ਤਾਂ ਮੈਂ ਲੋਈ ਕਾਹਦੀ ਦਿੱਤੀ, ਬਿਪਤਾ ਸਹੇੜ ਲਈ। ਹੁਣ ਆਪ ਫੁਰਮਾਓ। ਇਹ ਸੌਦਾ ਕਿਵੇਂ ਬਣੇ'?

ਗੁਰੂ ਜੀ - "ਕਿਉਂ ਸਾਂਈਂ ਜੀ ਏਵੇਂ ਹੈ?"

ਸਾਂਈਂ - "ਹਾਂ ਮਹਾਰਾਜ! ਹੈ ਤਾਂ ਏਵੇਂ।"

ਗੁਰੂ ਜੀ - "ਸੰਤ ਸਿੰਘ! ਕਿਵੇਂ ਦੇਂਦਾ ਵੀ ਹੈਂ।"

ਭਾਈ ਸੰਤ ਸਿੰਘ - "ਹਾਂ ਗ਼ਰੀਬ ਨਿਵਾਜ਼! ਇਹ ਮਾਲ ਦੌਲਤ, ਘੋੜੇ, ਬੱਘੀਆਂ, ਮਹਿਲ ਮਾੜੀਆਂ ਅੱਗੇ ਹੀ ਤੇਰੀਆਂ ਹਨ, ਜਿਸ ਨੂੰ ਹੁਕਮ ਕਰੇਂ ਦੇਣ ਲਈ ਤਿਆਰ ਹਾਂ, ਮੇਰਾ ਇਸ ਵਿਚ ਕੀ ਹੈ, ਇਹ ਸਾਂਈਂ ਕਹਿ ਦੇਵੇ, ਇਹ ਲੋਈ ਗੁਰੂ ਜੀ ਦੀ ਸੰਤ ਸਿੰਘ ਪਾਸ ਅਮਾਨਤ ਸੀ, ਉਹ ਗੁਰੂ ਜੀ ਦੇ ਹੁਕਮ ਅਨੁਸਾਰ ਉਹ ਅਮਾਨਤ ਵਾਪਸ ਲੈ ਲਈ ਹੈ, ਮੇਰਾ ਬਚਨ - ਏਕ ਤੋਂ ਅਨੇਕ, ਬੀਜਿਆ ਹਰਿਆ, ਨਿਹਫਲ ਜਾਵੇ - ਮੈਂ ਲੋਈ ਦੇ ਦਿਆਂਗਾ।"

ਗੁਰੂ ਜੀ - "ਸਾਂਈਂ ਜੀ ਇਹ ਸ਼ਬਦ ਕਹਿ ਦੇਵੋ।"

ਸਾਂਈਂ ਭਾਈ ਸੰਤ ਸਿੰਘ ਜੀ ਦੇ ਬਚਨ ਸੁਣ ਕੇ ਹੈਰਾਨ ਹੋ ਰਿਹਾ ਸੀ ਕਿ ਇਹ ਲੋਕ ਕਿਸ ਦੁਨੀਆਂ ਦੇ ਰਹਿਣ ਵਾਲੇ ਹਨ। ਇਹ ਫ਼ਕੀਰ ਜਾਣਦਾ ਸੀ ਕਿ ਦੁਨੀਆਦਾਰ ਤਾਂ ਇਕ ਵਸਤੂ ਦੇ ਕੇ ਸੈਂਕੜਿਆਂ ਦੀ ਆਸ ਰੱਖਦਾ ਹੈ, ਮਗਰ ਇਹ ਲੋਕ ਤਾਂ ਦੇ ਕੇ ਨਾਂ ਵੀ ਨਹੀਂ ਲੈਣ ਦੇਂਦੇ। ਪਰ ਫ਼ਕੀਰ ਨੂੰ ਅੰਤ ਕਹਿਣਾ ਪਿਆ ਕਿ 'ਮੈਂ ਗੁਰੂ ਜੀ ਦੀ ਅਮਾਨਤ ਵਿਚੋਂ, ਜਿਹੜੀ ਭਾਈ ਸੰਤ ਸਿੰਘ ਜੀ ਪਾਸ ਸੀ, ਗੁਰੂ ਜੀ ਦਾ ਹੁਕਮ ਪਾ ਕੇ ਲੈ ਲਈ ਹੈ', ਮੇਰਾ ਏਕ ਤੋਂ ਅਨੇਕ ਬੀਜਿਆ ਹਰਿਆ ਦਾ ਕਥਨ ਨਿਹਫਲ ਜਾਵੇ। ਤਦ ਭਾਈ ਸੰਤ ਸਿੰਘ ਜੀ ਨੇ ਫ਼ਕੀਰ ਨੂੰ ਲੋਈ ਦੇ ਦਿੱਤੀ।"

ਲੋਈ ਲੈਂਦਿਆਂ ਫ਼ਕੀਰ ਦਾ ਰੰਗ ਲਾਲ ਹੋ ਗਿਆ। ਮਸਤੀ ਆ ਗਈ। ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ ਤੇ ਆਖਿਆ, "ਗੁਰੂ ਜੀ ਧੰਨ ਤੁਸੀਂ ਹੋ ਤੇ ਧੰਨ ਤੁਹਾਡੀ ਸੰਗਤ।"

ਕੋਲੋਂ ਭਾਈ ਧਨੀ ਰਾਮ ਜੀ ਬੋਲ ਉਠੇ, "ਸਾਧ ਸੰਗਤ ਜੀ! ਧੰਨ ਭਾਈ ਸੰਤ ਸਿੰਘ ਜੀ ਹਨ, ਜਿਨ੍ਹਾਂ ਅੰਦਰ ਸਤਿਗੁਰਾਂ ਦੀ ਇਤਨੀ ਕਿਰਪਾ ਹੈ। ਤੁਸੀਂ ਵੀ ਏਵੇਂ ਭੁੱਜੇ ਦਾਣੇ ਬੀਜਿਆ ਕਰੋ, ਰੱਬੀ ਲੋਕ ਕਹਿੰਦੇ ਹਨ ਕਿ ਦਾਨ ਏਵੇਂ ਕਰੋ, ਜੇ ਸਜਾ ਹੱਥ ਦੇਵੇ ਤਾਂ ਖੱਬੇ ਨੂੰ ਪਤਾ ਨਾ ਲੱਗੇ। ਜੇ ਖੱਬਾ ਦੇਵੇ ਤਾਂ ਸੱਜੇ ਨੂੰ ਇਲਮ ਨਾ ਹੋਵੇ। ਜਿਵੇਂ ਰਾਹ ਵਿਚ ਰੱਖੀ ਲੋਈ ਚੁੱਕਣ ਵਾਲੇ ਨੂੰ ਪਤਾ ਨਹੀਂ ਲੱਗਦਾ ਕਿ ਧੰਨਵਾਦ ਕਿਸ ਦਾ ਕਰਾਂ ਤੇ ਦਾਨੀ ਨੂੰ ਪਤਾ ਨਹੀਂ ਲਗਦਾ ਕਿ ਕੌਣ ਚੁੱਕ ਕੇ ਲੈ ਗਿਆ ਹੈ।' ਭਾਈ ਧਨੀ ਰਾਮ ਜੀ ਦੇ ਬਚਨ ਸਾਂਈਂ ਅੰਦਰ ਘਾਓ ਕਰ ਗਏ, ਉਸ ਗੁਰੂ ਜੀ ਦੇ ਚਰਨਾਂ ਤੇ ਮੁੜ ਢਹਿੰਦਿਆਂ

ਅਰਜ਼ ਕੀਤੀ, "ਗ਼ਰੀਬ ਨਿਵਾਜ਼! ਜੇ ਇਹ ਤਨ ਢੱਕਣ ਵਾਸਤੇ ਲੋਈ ਦਿਵਾਈ ਜੇ ਤਾਂ ਮਿਹਰ ਕਰੋ ਤਾਂ ਕਿ ਤਨ ਮਨ ਦੇ ਸਾਰੇ ਰੋਗ ਕੱਟੇ ਜਾਣ ਤੇ ਸਰੀਰ ਨੂੰ ਕੋਈ ਪਾਲਾ ਵੀ ਨਾ ਲੱਗੇ।

ਗੁਰੂ ਜੀ ਇਕ ਸਿਖ ਵਲ ਇਸ਼ਾਰਾ ਕੀਤਾ ਤੇ ਉਸ ਕੰਨ ਵਿਚ ਫੂਕ ਮਾਰ ਨਾਮ ਦੇ ਜਹਾਜ਼ ਦਾ ਟਿਕਟ ਲੈ ਦਿਤਾ ਬਸ ਸਾਂਈਂ, ਸਾਂਈਂ ਹੋ ਗਿਆ।

ਪਦਾਰਥਾਂ ਦੇ ਮਾਲਕ

ਪੱਛਮ ਵਿਚ ਸੂਰਜ ਅਸਤ ਹੋਣ ਨਾਲ ਹੀ ਲਾਹੌਰ ਵੱਲੋਂ ਬੜੀ ਲਾਲੀ ਦਿੱਸਣ ਲਗ ਪਈ। ਧੀਰੇ-ਧੀਰੇ ਇਹ ਲਾਲਗੀ ਰੋਸ਼ਨੀ ਵਿਚ ਬਦਲ ਗਈ। ਮਰਦ ਤੀਵੀਆਂ ਕੋਠਿਆਂ ਦੀਆਂ ਛੱਤਾਂ ਤੇ ਚੜ੍ਹ ਚੜ੍ਹ ਤੱਕਣ ਲਗ ਪਏ। ਉਪਰ ਚੜ੍ਹੇ ਤਾਂ ਪਤਾ ਲੱਗਾ ਕਿ ਇਹ ਅੱਗ ਹੈ! ਅੱਗ!! ਅਤੇ ਅੱਗ ਵੀ ਇਤਨੇ ਜ਼ੋਰ ਦੀ ਹੈ, ਕਿ ਅਜੇਹਾ ਹੋ ਰਿਹਾ ਸੀ, ਕਿ ਇਸ ਅਗਨੀ ਨੇ ਆਕਾਸ਼ ਨੂੰ ਫੂਕਣ ਦੀ ਠਾਣ ਲਈ ਹੈ। ਭਾਵੇਂ ਧੂੰਏਂ ਨੇ ਲਾਹੌਰ ਉਪਰ ਇਕ ਨਵਾਂ ਤਬਕ ਬਣਾ ਦਿੱਤਾ ਸੀ, ਮਗਰ ਇਹ ਅਗਨ ਜੀਭਾਂ ਨਾਲ ਚੰਗਾੜੇ ਸੁਟ ਸੁਟ ਅਤੇ ਵੱਡੇ ਵੱਡੇ ਸਾਹ ਲੈ ਲੈ ਉਸ ਤਬਕ ਨੂੰ ਵੀ ਉਡਾਣ ਦੇ ਆਹਰ ਵਿਚ ਸੀ।

ਇਹ ਤਕ ਦਰਸ਼ਕਾਂ ਨੇ ਉਂਗਲਾਂ ਮੂੰਹ ਵਿਚ ਪਾ ਲਈਆਂ। ਇਹ ਓਸ ਸਮੇਂ ਦਾ ਹਾਲ ਏ, ਜਦੋਂ ਅਜੇ ਫਾਇਰ ਬਰਗੇਡ ਪਰਚਲਤ ਨਹੀਂ ਸਨ ਹੋਏ। ਕਿਸੇ ਆਪਣੇ ਘਰ ਬਚਾਉਣ ਹਿਤ, ਅਤੇ ਕਈ ਹਮਦਰਦੀ ਨਾਲ ਮੁਹੱਲੇ ਨੂੰ ਬਚਾਉਣ ਵਾਸਤੇ ਜੋ ਹੱਥ ਆਇਆ, ਡੋਲ, ਗੜਵਾ, ਬਾਲਟੀ, ਗਾਗਰ ਲੈ ਉਠ ਦੌੜਿਆ ਅਤੇ ਅੱਗ ਨਾਲ ਲੜਾਈ ਆਰੰਭ ਦਿੱਤੀ। ਜਦ ਉਨ੍ਹਾਂ ਨੂੰ ਇਹ ਪਤਾ ਲੱਗਾ ਕਿ ਇਹ ਇਕ ਕਾਰਖਾਨਾ ਹੈ, ਅਤੇ ਕਾਰਖਾਨਾ ਵੀ ਇਕ ਕੂਕੇ ਦਾ ਹੈ, ਜਿਸ ਕਦੇ ਕਿਸੇ ਨਾਲ ਵਲ ਨਹੀਂ ਕੀਤਾ, ਛਲ ਨਹੀਂ ਵਰਤਿਆ, ਤਾਂ ਜਾਨਾ ਹੂਲ ਜੁੱਟ ਪਏ। ਕੀ ਮਰਦ ਕੀ ਇਸਤਰੀ ਸਭ ਦੇ ਸਿਰ ਤੋਂ ਲੈ ਕੇ ਪੈਰਾਂ ਤੀਕ ਮੁੜਕੇ ਦੀਆਂ ਕੱਸੀਆਂ ਵਗਦੀਆਂ ਦਿਖਾਈ ਦੇਣ ਲੱਗ ਪਈਆਂ। ਸਭ ਦੇ ਪੈਰ ਤੇ ਸਭ ਹੱਥ, ਮਸ਼ੀਨਾਂ ਵਾਂਗੂੰ ਕੰਮ ਕਰਦੇ ਨਜ਼ਰੀਂ ਆਏ। ਪਰ ਬਿਧਾਤਾ ਦੀ ਲਿਖੀ ਕੌਣ ਮੇਟ ਸਕਦਾ ਹੈ। ਹੋਰ ਮੱਦਦ ਦੇ ਆਉਣ ਤੋਂ ਪਹਿਲਾਂ ਪਹਿਲ, ਕਾਰਖਾਨਾ ਸੜ ਗਿਆ, ਲੋਹਾ ਢਲ ਗਿਆ, ਗਾਰਡਰ ਵਿੰਗੇ ਹੋ ਗਏ, ਮਸ਼ੀਨਾਂ ਕੁੱਬੀਆਂ ਹੋ ਗਈਆਂ ਤੇ ਸਾਮਾਨ ਸੜ ਕੇ ਸੁਵਾਹ ਹੋ ਗਿਆ। ਹਿੰਦੂ, ਸਿੱਖ, ਮੁਸਲਮਾਨ ਆਪੋ ਵਿਚ ਹੈਰਾਨਗੀ ਨਾਲ ਵਿਚਾਰਾਂ ਕਰ ਰਹੇ ਸਨ।

"ਭਾਈ! ਮੌਲਾ ਦਾ ਕੋਈ ਪਤਾ ਨਹੀਂ ਲੱਗਦਾ। ਚੰਗੇ ਮਾੜੇ ਦੀ ਤਮੀਜ਼ ਨਹੀਂ ਜਾਪਦੀ, ਸਿੱਖ ਕੇਡਾ ਭਲਾ ਲੋਕ ਏ! ਇਸਨੂੰ ਇਹ ਸੰਕਟ ਕਿਉਂ?' 'ਹਾਂ ਭਾਈ, ਈਸ਼ਵਰ ਵੀ ਭਗਤਾਂ ਦੀ ਪਰੀਖਿਆ ਕਰਦਾ ਏ,' ਇਕ ਹਿੰਦੂ ਸਾਹਿਬ ਨੇ ਕਿਹਾ। ਮਗਰ ਭਾਈ ਦੇਵਾ ਸਿੰਘ ਜੀ ਕਿਸੇ ਰੰਗ ਵਿਚ ਹਨ। ਮੱਥੇ ਤੇ ਖੇੜਾ ਸੀ, ਰਸਨਾ ਤੇ ਸ਼ੁਕਰ ਸੀ, ਅਤੇ ਸਭ ਨੂੰ ਕਹਿ ਰਹੇ ਸਨ "ਭਾਣਾ ਮੰਨੋ, ਇਹ ਤਾਂ ਮੇਰੇ ਸਤਿਗੁਰ ਦੇ ਚੋਜ ਹਨ। ਹਰ ਵੇਲੇ ਉਸਦੀ ਰਜ਼ਾ ਵਿਚ ਰਹਿਣਾ

ਚਾਹੀਦਾ ਹੈ, ਜੋ ਮਿਲਿਆ, ਸ਼ੁਕਰ ਕਰਨਾ ਹੈ, ਇਹ ਤਾਂ ਬਿਰਤੀ ਕੁੱਤੇ ਦੀ ਹੈ, ਜੇ ਮਿਲ ਗਿਆ ਤੇ ਸ਼ੁਕਰ, ਜੇ ਨਾ ਮਿਲਿਆ ਤਾਂ ਸਬਰ। ਅਸਲ ਮਨੁੱਖਤਾਈ ਤਾਂ ਇਹ ਹੈ, ਮਿਲ ਜਾਏ ਤਾਂ ਸਬਰ, ਜੋ ਖੋਹ ਲਵੇ ਤਾਂ ਸ਼ੁਕਰ। ਭਾਈ ਜੀ ਦਾ ਉਪਦੇਸ਼ ਸੁਣ ਖਲਕਤ ਘਰਾਂ ਨੂੰ ਮੁੜ ਗਈ ਤੇ ਭਾਈ ਸਾਹਿਬ ਕੀਰਤਨ ਸੋਹਿਲੇ ਦਾ ਪਾਠ ਕਰ ਬਰਾਜ ਗਏ।

ਅਗਲੀ ਭਲਕ ਭਾਈ ਸਾਹਿਬ ਜੀ ਤੜਕੇ ਇਸ਼ਨਾਨ ਕੀਤਾ, ਮਾਲਾ ਫੇਰੀ, ਬਾਣੀ ਪੜ੍ਹੀ ਅਤੇ ਪਰਸ਼ਾਦ ਛਕ ਟੁਰ ਪਏ। ਕਿਧਰ? ਨਾਰਲੀ। ਕਾਹਦੇ ਵਾਸਤੇ? ਓਥੇ ਰਹਿੰਦੇ ਹਨ, ਸ: ਬਘੇਲ ਸਿੰਘ ਜੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨ ਭੌਰੇ। ਸੰਤ ਜੀ ਜਾ ਰਹੇ ਹਨ। ਮਾਲਾ ਫੇਰਦੇ ਮਨ ਵਿਚ ਸੁਦਾਮੇ ਵਾਂਗੂੰ ਗਿਟੀਆਂ ਨਹੀਂ ਗਿਣਦੇ ਜਾਂਦੇ।

ਕਿਉ ਕਰ ਜਾਈਏ, ਕਉਰ ਮਿਲਾਇ,

ਸਗੋਂ ਇਓਂ ਜਾ ਰਹੇ ਹਨ ਜਿਵੇਂ ਧਨੀ ਆਪਣਾ ਰੁਪਿਆ ਬੈਂਕ ਵਿਚੋਂ ਕਢਵਾਉਣਾ ਜਾਂਦਾ ਹੈ।

ਭਾਈ ਦੇਵਾ ਸਿੰਘ ਜੀ ਚਲੇ ਗਏ ਸਰਦਾਰ ਜੀ ਦੇ ਘਰ, ਬਿਨਾ ਰੋਕ ਟੋਕ, ਬਿਨਾ ਆਵਾਜ਼ ਦਿੱਤੇ ਅੱਗੋਂ ਕੋਈ ਕੁੱਤਾ ਵੀ ਨਹੀਂ ਭੌਂਕਿਆ। ਅੱਗੋਂ ਸਰਦਾਰ ਜੀ ਉਠ ਕੇ ਮਿਲੇ। ਚਰਨੀਂ ਹੱਥ ਲਾਇਆ। ਸਰਦਾਰ ਜੀ ਦੇ ਬੱਚੇ ਆਏ, ਉਨ੍ਹਾਂ ਵੀ ਆਕੇ ਚਰਨਾਂ ਤੇ ਸੀਸ ਰਖ ਵਾਰੀ ਵਾਰੀ ਮੱਥਾ ਟੇਕਿਆ। ਸਰਦਾਰ ਜੀ ਦੇ ਮਹਿਲ, ਦੇਵੀ ਰੂਪ ਮੂੰਹ ਤੇ ਕੋਈ ਘੁੰਡ ਨਹੀਂ, ਸੰਗ ਨਹੀਂ, ਨੀਵੀਂ ਨਜ਼ਰੀਂ ਆਏ ਅਤੇ ਸਤਿਕਾਰ ਨਾਲ ਚਰਨਾਂ ਤੇ ਸੀਸ ਰਖ ਸਤਿ ਸ੍ਰੀ ਅਕਾਲ ਬੁਲਾਇਆ।

ਸਰਦਾਰ ਜੀ ਨੇ ਮੰਜਾ ਡੁਹਾਇਆ, ਉੱਤੇ ਆਸਣ ਵਿਛਾਇਆ, ਆਦਰ ਨਾਲ ਬਿਠਾਇਆ। ਖੱਬੇ ਹੱਥ ਸਰਦਾਰ ਹੋਰੀਂ ਆਪ ਬਹਿ ਗਏ ਤੇ ਮੂੰਹੋਂ ਕਿਹਾ 'ਧੰਨ ਭਾਗ! ਜੀ ਆਇਆਂ ਨੂੰ! ਬੜੀ ਕਿਰਪਾ ਕੀਤੀ ਜੇ।' ਇਤਨੇ ਨੂੰ ਸਰਦਾਰਨੀ ਦੁੱਧ ਦਾ ਛੰਨਾ ਮਿੱਠਾ ਪਾ ਲੈ ਆਈ। ਸੰਤ ਜੀ ਪੰਜ ਇਸ਼ਨਾਨਾ ਕੀਤਾ, ਦੁੱਧ ਛਕਿਆ ਤੇ ਆਰਾਮ ਕਰਨ ਲਈ ਬਿਰਾਜ ਗਏ।

ਦੁਪਹਿਰ ਢਲ ਗਈ, ਮਾਈਆਂ ਰਾਤ ਦੇ ਪਰਸ਼ਾਦੇ ਲਈ ਕੁੰਨੀਆਂ ਧੋਣ ਲਗ ਪਈਆਂ, ਸੰਤ ਆਰਾਮ ਕਰ ਉਠੇ, ਸਰਦਾਰ ਜੀ ਬਚਨ ਕੀਤਾ, 'ਸਾਡੇ ਧੰਨ ਭਾਗ! ਤੁਸਾਂ ਚਰਨ ਪਾਏ ਬੜੀ ਕ੍ਰਿਪਾ ਕੀਤੀ ਜੇ।'

'ਕਿਰਪਾ ਤਾਂ ਸਤਿਗੁਰੂ ਜੀ ਦੀ ਹੈ। ਕੱਲ ਸਤਿਗੁਰਾਂ ਖੇਡ ਵਰਤਾਈ ਏ। ਕਾਰਖਾਨੇ ਨੂੰ ਅੱਗ ਲਗ ਗਈ। ਕੱਚਾ ਪੱਕਾ ਮਾਲ ਸਭ ਅੱਗ ਨੇ ਸਾਂਭ ਲਿਆ, ਕੁਝ ਮਾਇਆ ਦੀ ਲੋੜ ਏ।'

'ਕਿੰਨੀ ਕੁ?'

'36,000 ਰੁਪਿਆ।'

'ਧੰਨ ਸਤਿਗੁਰੂ ਰਾਮ ਸਿੰਘ ਜੀ! ਧੰਨ ਸਤਿਗੁਰੂ ਰਾਮ ਸਿੰਘ ਜੀ, ਜਿਸ ਨੇ ਪ੍ਰਮੇਸ਼ਰ ਘਲਿਆ ਏ। ਸਰਦਾਰਨੀਏ, ਲਿਆ ਚਾਬੀਆਂ।' ਘਰ ਦੀ ਮਾਲਿਕਾ ਦੇਵੀ ਨੇ ਉਜ਼ਰ ਨਹੀਂ ਕੀਤਾ, ਝੱਟ ਆਲੇ ਵਿਚੋਂ ਪੇਟੀ ਦੀਆਂ ਚਾਬੀਆਂ ਕੱਢ ਫੜਾਈਆਂ। 'ਸੰਤ ਜੀ ਲਓ ਗਿਣ ਲਓ, ਜਿੰਨੀ ਲੋੜ ਜੇ।' ਸ: ਬਘੇਲ ਸਿੰਘ ਜੀ ਚਾਬੀਆਂ ਭਾਈ ਹੋਰਾਂ ਨੂੰ ਫੜਾਂਦਿਆਂ ਕਿਹਾ। ਭਾਈ ਦੇਵਾ ਸਿੰਘ ਜੀ ਵੀ ਸਰਦਾਰ ਜੀ ਦੀ ਇਹ ਦਸ਼ਾ ਵੇਖ ਮਸਤੀ ਵਿਚ ਆ ਗਏ। ਉਠੇ ਅਤੇ ਲੋੜ ਅਨੁਸਾਰ ਰੁਪਿਆ ਗਿਣ ਲਿਆ ਅਤੇ ਮੁੜ ਅਰਜ਼ ਕੀਤੀ 'ਸਰਦਾਰ ਜੀ! ਕੋਈ ਨਾਵਾਂ ਪਤਰਾ?'

'ਸਰਦਾਰ ਜੀ! ਵਾਹ ਭਈ ਵਾਹ! ਇਹ ਮਾਇਆ ਕਿਸਦੀ ਏ? ਇਹ ਧਨ, ਦੌਲਤ, ਰੁਪਿਆ, ਪੈਸਾ, ਮੱਝਾਂ, ਗਊਆਂ, ਘੋੜੇ ਕਿਸਦੇ ਹਨ? ਇਹ ਸਭ ਮਾਇਆ ਸਤਿਗੁਰੂ ਰਾਮ ਸਿੰਘ ਜੀ ਦੀ ਹੈ। ਤੂੰ ਵੀ ਉਨ੍ਹਾਂ ਦਾ ਚਰਨ ਭੌਰਾ। ਮੈਂ ਵੀ ਓਸੇ ਦਰ ਦਾ ਕੂਕਰ। ਫੇਰ ਲਿਖਤ ਕਾਹਦੀ? ਤੇ ਪੜ੍ਹਤ ਕਾਹਦੀ? ਤੇ ਨਾਵਾਂ ਪਤਰਾ ਕਿਸ ਗੱਲ ਦਾ? ਭਾਈ ਦੇਵਾ ਸਿੰਘ ਜੀ ਰੁਪਿਆ ਖੁਰਜੀਆਂ ਵਿਚ ਪਾਇਆ। ਰਾਤ ਵੀ ਓਥੇ ਭਜਨ ਬਾਣੀ ਤੇ ਸ਼ਬਦ ਕੀਰਤਨ ਕਰਦਿਆਂ ਗੁਜ਼ਾਰੀ। ਸਵੇਰ ਸਾਰ ਸਰਦਾਰ ਜੀ ਘੋੜਾ ਦਿੱਤਾ, ਉੱਤੇ ਮਾਲ ਲਦਾਇਆ ਅਤੇ ਇਕ-ਦੂਜੇ ਨੂੰ ਸਤਿ ਸ੍ਰੀ ਅਕਾਲ ਕਹਿ ਵਿਦਾ ਹੋਏ। ਪੂਰਬ ਵੱਲੋਂ ਸੂਰਜ ਭਗਵਾਨ ਸੋਨੇ ਦਾ ਥਾਲ ਲਈ ਆ ਰਿਹਾ ਸੀ ਤੇ ਪੱਛਮ ਵਲ ਤਾਰੇ ਛਿਪ ਰਹੇ ਸਨ। ਪੌਣ ਰਾਣੀ ਸਮੂਹ ਪਸ਼ੂ ਪੰਛੀਆਂ ਨੂੰ ਸੁਨੇਹਾ ਦੇਂਦੀ ਜਾ ਰਹੀ ਸੀ, 'ਇਸ ਧਨ ਪਦਾਰਥ ਦੇ ਮਾਲਿਕ ਹਨ, ਸ੍ਰੀ ਸਤਿਗੁਰੂ ਰਾਮ ਸਿੰਘ ਜੀ! ਭਾਈ! ਤੂੰ ਉਸਦੇ ਚਰਨਾਂ ਦਾ ਭੌਰਾ, ਤੇ ਮੈਂ ਵੀ ਓਸੇ ਦੇ ਦਰ ਦਾ ਕੂਕਰ।

ਕੂਕੇ ਦਾ ਪਿਆਰ

"ਜਵਾਹਰਿਆ! ਪੁੱਤ!! ਚੁੱਪ ਕਰਕੇ ਕਿਉਂ ਬਹਿ ਰਿਹਾ ਏਂ? ਵੇ! ਕਿਤੇ ਸੂਲ ਈ? ਦਰਦ ਈ?" ਮਾਈ ਨੇ ਪੁੱਛਿਆ। ਜਵਾਹਰ ਸਿੰਘ ਜੀ ਬੋਲਦੇ ਕੁਝ ਨਹੀਂ। ਭਜਨ ਵਿਚ ਮਸਤ ਹਨ। "ਵੇ ਤੈਨੂੰ ਸੱਪ ਸੁੰਘ ਗਿਆ? ਏਡਾ ਜਵਾਨ ਜਹਾਨ! ਮਚਲਾ ਕਿਉਂ ਹੋ ਰਿਹਾ ਏਂ।" ਜਵਾਹਰ ਸਿੰਘ ਫੇਰ ਵੀ ਨਾ ਬੋਲਿਆ। ਆਤਮਾ ਕਿਸੇ ਅਨੋਖੇ ਮੰਡਲ ਦੀ ਸੈਰ ਵਿਚ ਅਨੰਦ ਮਾਣ ਰਹੀ ਸੀ। ਮਾਈ ਵਧੇਰੇ ਗੁੱਸੇ ਨਾਲ – "ਵੇ ਜਵਾਹਰਿਆ! ਤੂੰ ਤਾਂ ਉੱਕਾ ਹੀ ਬੇਦੀਦ ਬਣ ਗਿਆ ਏਂ। ਜੱਟਾਂ ਦਾ ਪੁੱਤ ਹੋ ਕੇ ਐਸ ਵੇਲੇ ਤਕ ਘਰ ਬਹਿ ਰਹਿਣਾ ਸੋਭਦਾ ਨਹੀਂ, ਬਾਹਰ ਜਾ! ਖੇਤ ਵਿਚ ਆਪਣੇ ਬਾਪੂ ਦਾ ਹੱਥ ਵਟਾ। ਪੱਠਾ ਦੱਥਾ ਸੌ ਕੰਮ ਹੁੰਦੇ ਹਨ। ਪੈਲੀ ਬੰਨੇ ਦਾ ਵੀ ਖ਼ਿਆਲ ਕਰੀਂ। ਅਜੇ ਕੱਲ ਤੇਰਾ ਵਿਆਹ ਹੁੰਦਾ ਏ। ਹੁਣੇ ਤੇਰੇ ਹੱਡਾਂ ਵਿਚ ਪਾਣੀ ਕਿਉਂ ਪੈ ਗਿਆ?"

ਜਵਾਹਰ ਸਿੰਘ ਦੀ ਸਮਾਧੀ ਖੁੱਲ੍ਹੀ ਤੇ ਬੋਲਿਆ – "ਨਹੀਂ ਬੇਬੇ! ਮੈਂ ਤਾਂ ਰਾਜ਼ੀ ਬਾਜ਼ੀ ਹਾਂ। ਚਿੰਤਾ ਕਿਉਂ ਕਰਨੀ ਏਂ? ਰੱਬ ਦਾਤਾ ਏ। ਜਿਹੜਾ ਹਾਥੀ ਤੋਂ ਲੈ ਕੇ ਕੀੜੀ ਤਾਈਂ ਖ਼ੁਰਾਕ ਪਹੁੰਚਾਂਦਾ ਹੈ। ਮੈਂ ਓਸ ਬਾਪੂ ਦੀ ਯਾਦ ਕਰ ਰਿਹਾ ਹਾਂ, ਜਿਸ ਦੀ ਯਾਦ ਨਾਲ ਕੁਝ ਘਟਦਾ ਨਹੀਂ ਸਗੋਂ ਵਾਧਾ ਈ ਵਾਧਾ ਏ।" ਵੇ ਸੜ ਗਈ ਤੇਰੀ ਮਾਲਾ; ਤੇ ਚੁੱਲ੍ਹੇ ਵਿਚ ਪਵੇ ਤੇਰਾ ਜੱਪ, ਬਾਹਰ ਪਿਉ ਹੱਡ ਰੋਲਦਾ ਪਿਆ ਸੂ ਤੇ ਇਸ ਨੂੰ ਕੁਲਹਿਣੀ ਮਾਲਾ ਦਾ ਚਾਅ ਚੜ੍ਹਿਆ ਹੋਇਆ ਏ। ਕੱਲ੍ਹ ਅਜੇ ਵਿਆਹ ਹੋਇਆ ਸੂ, ਅੱਜ ਮਾਲਾ ਚੁੱਕ ਲਿਆਇਆ ਏ। ਵੇ ਇਹ ਭਜਨ ਤੈਨੂੰ ਕਿਸ ਦਸ ਦਿੱਤਾ ਏ। ਹਾਏ ਰੱਬਾ! ਇਸ ਨੂੰ ਕੌਣ ਮਿਲ ਗਿਆ ਏ।"

"ਬੇਬੇ! ਵਾਧੂ ਰੌਲੀ ਨਾ ਪਾ। ਮਨੁੱਖ ਜਨਮ ਦਾ ਇਹ ਧਰਮ ਏ, ਕਿ ਥੋੜ੍ਹਾ ਕੰਮ ਕਰੇ, ਬਹੁਤਾ ਭਜਨ ਕਰੇ। ਫੇਰ ਸਾਰਿਆਂ ਕੰਮਾਂ ਵਿਚ ਰੱਬ ਬਰਕਤ ਆਪ ਪਾਂਦਾ ਏ। ਮੈਂ ਕੰਮ ਤੋਂ ਕੋਈ ਇਨਕਾਰੀ ਤਾਂ ਨਹੀਂ ਹਾਂ।" ਜਵਾਹਰ ਸਿੰਘ ਨੇ ਬੜੀ ਹਲੀਮੀ ਨਾਲ ਉੱਤਰ ਦਿੱਤਾ।

"ਵੇ ਕੌਣ ਦਸ ਗਿਆ ਤੈਨੂੰ ਇਹ ਗਿਆਨ? ਕੌਣ ਪੜ੍ਹਾ ਗਿਆ ਇਹ ਪਟੀਆਂ? ਕਿੱਥੋਂ ਸਿਖ ਆਇਆ ਏ ਇਹ ਝੁੰਬਲ ਮਾਰਨੀ? ਖਲ ਭਰਨ ਵੇਲੇ ਤਾਂ ਤੈਨੂੰ ਮਾਲਾ ਨਹੀਂ ਔੜ੍ਹਦੀ, ਹੋਣੀ ਦਿਆ ਪੁੱਤਰਾ! ਕਿਦ੍ਹਾ ਮੰਤਰ ਲੈ ਆਇਆ ਏਂ?" ਮਾਈ ਨੇ ਉੱਚੀ ਉੱਚੀ ਬੋਲਦਿਆਂ ਕਿਹਾ।

"ਬੇਬੇ! ਕਹੋ ਧੰਨ ਸਤਿਗੁਰੂ ਰਾਮ ਸਿੰਘ ਤੇਰੀ ਕਲਿਆਣ ਹੋਵੇਗੀ।

ਸੁਰਗਾਪੁਰੀ ਵਿਚ ਤੇਰਾ ਅਸਥਾਨ ਹੋਵੇਗਾ। ਜਵਾਹਰ ਸਿੰਘ ਨੇ ਨਿਮਰਤਾ ਨਾਲ ਕਿਹਾ।

"ਵੇ! ਕੂਕਿਆਂ ਦਾ ਮੰਤਰ? ਨ-ਹੋਣਿਆਂ ਕੂਕਾ? ਮੈਂ ਨਿਜ ਜੰਮਦੀ ਤੈਨੂੰ। ਤੇਰੇ ਬਿਨਾ ਨਿਪੁਤੀ ਰਹਿੰਦੀ, ਤੈਨੂੰ ਐਵੇਂ ਨੌਂ ਮਹੀਨੇ ਪੇਟ ਵਿਚ ਰਖਿਆ? ਤੇਰਾ ਗੂੰਹ ਮੂਤਰ ਸਾਂਭਿਆ?" ਇਤਨਾ ਕਹਿ ਮਾਈ ਮੂਰਛਾ ਹੋ ਡਿੱਗ ਪਈ ਤੇ ਵੈਣ ਪਾਣੇ ਆਰੰਭ ਦਿੱਤੇ। ਵਾਲ ਖੋਹਣ ਲੱਗ ਪਈ। ਛਾਤੀ ਪਿਟਨੀ ਆਰੰਭ ਦਿੱਤੀ। "ਵੇ ਜਵਾਹਰਿਆ! ਵੇ ਜਵਾਹਰਿਆ!! ਤੂੰ ਕੀ ਕਰ ਗਇਓਂ?" ਗਲੀ ਗਵਾਂਢ ਰੋਣ ਸੁਣ ਇਕੱਠਾ ਹੋ ਗਿਆ। 'ਨੀ ਕੀ ਹੋਇਆ?' ਸਾਰੀਆਂ ਨੇ ਆ ਕੇ ਪੁੱਛਿਆ।

'ਜਵਾਹਰਾ ਕੂਕਾ ਬਣ ਗਿਆ। ਜਵਾਹਰੇ ਕੰਨ ਵਿਚ ਮੰਤਰ ਲੈ ਲਿਆ। ਜਵਾਹਰਾ ਮਰ ਗਿਆ।' ਰੋਂਦੀ ਮਾਈ ਨੇ ਉੱਤਰ ਦਿੱਤਾ। ਇਤਨਾ ਸੁਣ ਸਭ ਬੁੱਢੀਆਂ ਰੋਣਾ ਸ਼ੁਰੂ ਕਰ ਦਿੱਤਾ ਅਤੇ ਏਵੇਂ ਦੁਪਹਿਰ ਢੱਲ ਗਈ। ਪਿੰਡ ਵਿਚ ਜਿਹੜਾ ਸੁਣੇ, ਉਹ ਵੀ ਜਵਾਹਰ ਸਿੰਘ ਦੇ ਮਾਤਾ ਪਿਤਾ ਨੂੰ ਬੁਲਾਉਣ ਆਵੇ। ਨੰਬਰਦਾਰ, ਘੇਬਾ ਜੱਟ, ਲਾਲੂ ਹਟਵਾਣੀਆ, ਈਸ਼ਰ ਪੈਂਚ, ਬੁੱਧੂ ਕੁਮ੍ਹਾਰ ਅਤੇ ਖੈਰਾ ਬਰਵਾਲਾ, ਸਭ ਬੁਲਾਣ ਆਏ।

ਜਵਾਹਰ ਸਿੰਘ ਜਿਉਂ ਜਿਉਂ ਉਨ੍ਹਾਂ ਦੀਆਂ ਗੱਲਾਂ ਸੁਣੀਆਂ, ਚੁੱਪ ਚੁਪੀਤੇ ਅੰਦਰ ਚਲੇ ਗਏ ਤੇ ਆਸਣ ਵਿਛਾ "ਧੰਨ ਸਤਿਗੁਰੂ ਰਾਮ ਸਿੰਘ, ਧੰਨ ਸਤਿਗੁਰੂ ਰਾਮ ਸਿੰਘ ਜੀ, ਜਿਨ੍ਹਾਂ ਨੇ ਮੇਰਾ ਜਨਮ ਮਰਨ ਕਟ ਦਿੱਤਾ। ਸੰਸਾਰ ਵੱਲੋਂ ਤਾਂ ਮੈਂ ਅੱਗੇ ਹੀ ਮਰ ਚੁੱਕਿਆ ਸੀ, ਮਾਤਾ ਪਿਤਾ ਮੈਨੂੰ ਆਪੇ ਅੱਜ ਵੱਖ ਕਰ ਦਿੱਤਾ। ਸੰਸਾਰੀਆਂ ਵੱਲੋਂ ਮੈਂ ਟੁੱਟ ਚੁੱਕਾ। ਹੁਣ ਗੁਰੂ ਜੋਗਾ ਹੋਇਆ।' ਧੰਨ ਹਨ ਮੇਰੇ ਸਤਿਗੁਰ ਜਿਨ੍ਹਾਂ ਇਹ ਕਲਾ ਝਬਦੇ ਹੀ ਮੁਕਾ ਦਿੱਤੀ। ਨਹੀਂ ਤਾਂ ਪਤਾ ਨਹੀਂ ਸੀ, ਕਿਤਨਾ ਸਮਾਂ ਕਲੇਸ਼ ਉਠਾਣੇ ਪੈਣੇ ਸਨ।" ਇਤਨਾ ਕਹਿ ਮੁੜ ਸਤਿਗੁਰ ਚਰਨਾਂ ਵਿਚ ਜੁੜ ਗਿਆ ਤੇ ਬਾਹਰ ਕਾਵਾਂ ਰੌਲੀ ਜਾਰੀ ਰਹੀ।

ਧੁਖਦੀ ਧੁਖਦੀ ਇਹ ਖ਼ਬਰ ਜਵਾਹਰ ਸਿੰਘ ਦੇ ਸੌਹਰੀਂ ਅਪੜ ਗਈ। ਉਹ ਵੀ ਵਿਚਾਰੇ ਸੁਣਦਿਆਂ ਚਿੰਤ ਭਵਨ ਵਿਚ ਚਲੇ ਗਏ। ਸੱਜ ਵਿਆਹੀ ਧੀ ਦੀ ਚਿੰਤਾ ਚੌਰਾਸੀ ਦੇ ਜੀਵੜਿਆਂ ਵਾਂਗ ਕੁੜਮਾਂ ਘਰੀਂ ਮਕਾਣ ਲਾਹੁਣ ਆ ਗਏ। ਉਨ੍ਹਾਂ ਮੁੜਨ ਤੇ ਨਿਰਣਾ ਕਰਨਾ ਚਾਹਿਆ, ਜਿੱਥੇ ਭਾਈ ਜਵਾਹਰ ਸਿੰਘ ਜੀ ਆਸਣ ਵਿਛਾ ਤਪ ਕਰ ਰਹੇ ਸਨ, ਭਰੇ ਭੀਤਰੇ ਜਾ ਪੁੱਜੇ ਤੇ ਆਖਣ ਲੱਗੇ:- "ਕਾਕਾ! ਵੇਖ ਅਜੇ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਤੂੰ ਸਿਆਣਾ ਬਣ ਤੇ ਸਾਡੀ ਧੀ ਨੂੰ ਵਸਾ!"

ਜਵਾਹਰ ਸਿੰਘ:- "ਪਿਤਾ ਸਮਾਨ ਬਾਪੂ ਜੀ! ਮੈਂ ਕਦੇ ਇਨਕਾਰ ਕੀਤਾ ਏ? ਮੈਨੂੰ ਤਾਂ ਗੁਰ ਮੰਤਰ ਨੇ ਚਾਨਣ ਹੀ ਇਹ ਦਿੱਤਾ ਹੈ ਕਿ ਗ੍ਰਿਹਸਤੀ ਜੀਵਨ ਹੀ ਸੰਸਾਰ ਯਾਤਰਾ ਦਾ ਸਫਲ ਰਾਹ ਹੈ। ਨਹੀਂ ਤਾਂ ਕਈ ਵਾਰੀ ਵਾਸ਼ਨਾਂ ਦੇ ਬੱਧਾ ਹੋਇਆ ਮਨੁੱਖ ਪੌੜੀਆਂ ਤੋਂ ਥਿੜਕ ਜਾਂਦਾ ਏ, ਅਤੇ ਮੁੜ

ਚੌਰਾਸੀ ਦੇ ਗੇੜੇ ਖਾਂਦਾ ਰਹਿੰਦਾ ਏ। ਗੁਰੂ ਨਾਨਕ ਦੇ ਘਰ ਦਾ ਸੁੰਦਰ ਸੰਦੇਸ਼ ਹੈ:-

ਸਤਿਗੁਰੂ ਪੂਰਾ ਭੇਟੀਐ, ਪੂਰੀ ਹੋਵੈ ਜੁਗਤਿ,
ਹਸੰਦਿਆਂ ਖੇਲੰਦਿਆਂ ਪਹਿਨੰਦਿਆਂ ਖਾਵੰਦਿਆਂ ਵਿਚੇ ਹੋਵੇ ਮੁਕਤਿ।

ਮੈਂ ਤਾਂ ਕੋਈ ਗ੍ਰਹਿਸਤ ਦੇ ਤਿਆਗ ਲਈ ਭਜਨ ਨਹੀਂ ਪੁੱਛਿਆ, ਮੈਂ ਤਾਂ ਗਾਡੀ-ਰਾਹ ਤੁਰਨਾ ਚਾਹੁੰਦਾ ਹਾਂ।" "ਤੇਰੀਆਂ ਸਭ ਗੱਲਾਂ ਸੱਚੀਆਂ ਹਨ, ਪੁੱਤਰ ਇਹ ਕੂਕ-ਪੁਣਾ ਛੱਡ ਦੇ" ਸੱਸ ਨੇ ਸਿਰ ਤੇ ਹੱਥ ਫੇਰਦਿਆਂ ਕਿਹਾ।

"ਮੈਂ ਗ੍ਰਿਹਸਤੀ ਵੀ ਰਹਾਂਗਾ, ਵਾਹੀ ਵੀ ਕਰਾਂਗਾ, ਹਲ ਵੀ ਵਾਹਵਾਂਗਾ, ਪੰਡਾਂ ਵੀ ਚੁੱਕਾਂਗਾ ਤੇ ਕੂਕ-ਪੁਣਾ ਵੀ ਰੱਖਾਂਗਾ", ਭਾਈ ਜਵਾਹਰ ਸਿੰਘ ਨ ਦ੍ਰਿੜ੍ਹ ਵਿਸ਼ਵਾਸੀ ਨਾਲ ਆਖਿਆ।

"ਤੂੰ ਕੂਕ-ਪੁਣਾ ਰੱਖਣਾ ਏ, ਤਾਂ ਅਸਾਂ ਧੀ ਨਹੀਂ ਟੋਰਨੀ, ਮੁਕਾਉਣ ਤਾਂ ਅੱਗੇ ਹੀ ਆਏ ਸਾਂ, ਇਹ ਗੱਲ ਵੀ ਸਾਫ਼ ਕਰਨੀ ਰਹਿ ਨ ਜਾਵੇ" ਜਵਾਹਰ ਸਿੰਘ ਦੇ ਸਹੁਰੇ ਨੇ ਧਮਕੀ ਭਰੇ ਲਹਿਜੇ ਵਿਚ ਆਖਿਆ। "ਚੰਨ ਦੇ ਟੁੱਕੜੇ ਵਰਗੀ ਧੀ, ਇਸ ਮਸਤ ਮਲੰਗ ਨਾਲ ਤੋਰਦਿਆਂ ਮੈਨੂੰ ਸ਼ਰਮ ਨਾ ਆਵੇਗੀ"? ਸੱਸ ਨੇ ਕੋਲੋਂ ਫੂਕ ਚੜ੍ਹਾ ਦਿੱਤੀ।

"ਭਾਈਆ! ਮੈਂ ਵੀ ਇਕ ਫ਼ੈਸਲਾ ਕਰਨਾ ਚਾਹੁੰਦਾ ਹਾਂ, ਇਕ-ਦੋ ਤਿੰਨ। ਕੂਕ-ਪੁਣੇ ਨਾਲ ਤਾਂ ਮੈਂ ਸਭ ਈਨਾਂ ਮੰਨਣ ਲਈ ਤਿਆਰ ਹਾਂ। ਪਰ ਜੇ ਇਸ ਬਿਨਾ ਚੰਨ ਦਾ ਟੁੱਕੜਾ ਛਡ ਕੇ ਇੰਦਰ ਪੁਰੀ ਦੀਆਂ ਅਪੱਛਰਾਂ ਪੇਸ਼ ਕੀਤੀਆਂ ਜਾਣ ਤਾਂ ਵੀ ਕਬੂਲ ਨਹੀਂ ਕਰਾਂਗਾ", ਜਵਾਹਰ ਸਿੰਘ ਨੇ ਬੜੇ ਹੌਸਲੇ ਨਾਲ ਸੱਸ ਸਹੁਰੇ ਨੂੰ ਤੇ ਹੋਰ ਪਾਸ ਬੈਠੇ ਸੰਬੰਧੀਆਂ ਨੂੰ ਕਿਹਾ।

ਰਿਸ਼ਤੇਦਾਰ ਘਰਾਂ ਨੂੰ ਮੁੜ ਗਏ ਤੇ ਜਵਾਹਰ ਸਿੰਘ ਜੀ ਪੁੱਜ ਗਏ, ਮੰਜ਼ਲੋ ਮੰਜ਼ਿਲ ਉਸ ਅਸਥਾਨ ਤੇ ਜਿੱਥੇ ਪਰਾਪਤ ਹੁੰਦੀ ਹੈ। ਸੰਤਤੀ ਤੇ ਇਹ ਬਣ ਗਏ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦੂਲੇ ਸਿੱਖ ਸੰਤ ਜਵਾਹਰ ਸਿੰਘ।

ਪੀਰ ਪਹਿਲਵਾਨ

ਗੁਰਮੁਖ, ਸਾਦੇ ਮੁਰਾਦੇ, ਹਸੂੰ ਹਸੂੰ ਕਰਦੇ ਗੁਲਾਬ ਨੂੰ ਮਾਤ ਪਾਣ ਵਾਲੇ ਮੁਖੜੇ। ਉਦਾਸੀ ਨੂੰ ਕਦੇ ਨੇੜੇ ਨਾ ਢੁੱਕਣ ਦੇਂਦੇ। ਹੱਸਦਿਆਂ ਜਾਗਣਾ, ਹੱਸਦਿਆਂ ਸੌਣਾ, ਸੱਤ ਸੱਤ ਫੁਟ ਲੰਮੇ, ਚੌੜੇ, ਸਡੌਲ ਸੁੰਦਰ ਜਵਾਨ, ਹਰਨਾਂ ਨੂੰ ਸ਼ਰਮਾਉਣ ਵਾਲੇ ਨੇਤਰ, ਜਤੀ ਸਤੀ, ਤਪੀ, ਬ੍ਰਹਮਚਾਰੀ ਪੂਰੇ ਯੋਗੀ, ਭੋਲੇ ਭਾਲੇ, ਨਿਰਛਲ, ਨਿਰਕਪਟ, ਜੋ ਮੂੰਹੋਂ ਬੋਲਾ ਨਿਕਲਿਆ, ਉਹ ਅਰਜਨ ਬਾਣ, ਲੜਾਈ ਝਗੜੇ ਤੋਂ ਦੂਰ। ਇਹ ਸਨ ਢੋਟੀਆਂ ਜ਼ਿਲ੍ਹਾ ਲਾਇਲਪੁਰ ਦੇ ਵਸਨੀਕ, ਜਿਨ੍ਹਾਂ ਦੀਆਂ ਗਲੀਆਂ ਵਿਚ ਸਤਿਜੁਗ ਸਦਾ ਦੁੜੰਗੇ ਮਾਰਦਾ। ਇਨ੍ਹਾਂ ਮਹਾਂਪੁਰਸ਼ਾਂ ਤੇ ਸੀਤਲਤਾ ਦੇ ਸ੍ਰੋਤ ਸਤਿਗੁਰੂ ਹਰੀ ਸਿੰਘ ਜੀ ਦੀ ਮਿਹਰ ਦ੍ਰਿਸ਼ਟੀ ਹੋਈ। ਇਸ ਨਗਰ ਵਿਚ ਸ਼ੇਰ ਸਿੰਘ ਤੇ ਮੰਗਲ ਸਿੰਘ ਕਾਰੀਗਰ ਸਿੰਘ ਰਹਿੰਦੇ ਸਨ। ਜਦ ਉਨ੍ਹਾਂ ਭਜਨ ਪੁੱਛਿਆ ਤਾਂ ਰੰਗ ਚੜ੍ਹ ਗਿਆ। ਸਵੇਰੇ ਆਸਾ ਦੀ ਵਾਰ, ਰਾਤ ਨੂੰ ਕਥਾ, ਮੁੜ ਸ਼ਬਦ ਕੀਰਤਨ। ਸਤਿਗੁਰ ਦੀ ਮਿਹਰ ਨਾਲ ਰਸਨਾ ਵਿਚ ਰਸ ਭਰ ਗਿਆ ਜਿਸ ਨੇ ਸੁਣਿਆ, ਉਸ ਨੂੰ ਬਾਣ ਵਜ ਗਿਆ ਤੇ ਵੈਰਾਗੀ ਹੋ ਨੱਚਿਆ।

ਸ਼ੇਰ ਸਿੰਘ ਤੇ ਮੰਗਲ ਸਿੰਘ ਦੀ ਕਿਰਪਾ ਨਾਲ ਤੇ ਸੰਗਤ ਨਾਲ ਬਚਨ ਸਿੰਘ ਤੇ ਸਾਧੂ ਸਿੰਘ ਨੂੰ ਵੀ ਜਾਗ ਲੱਗ ਗਈ। ਇਹ ਦੁੱਧ ਵੀ ਵਧੀਆ ਭਾਂਡਿਆਂ ਦਾ ਸੀ। ਚੰਗਾ ਵਧੀਆ ਦਹੀਂ ਜੰਮਿਆ ਤੇ ਸੁੱਚੇ ਮੱਖਣ ਦਾ ਪੇੜਾ ਬਣ ਕੇ ਮਟਕੇ ਤੇ ਤਰਿਆ।

ਸ: ਬਚਨ ਸਿੰਘ ਤਾਂ ਸ਼ੇਰ ਸਿੰਘ ਤੇ ਮੰਗਲ ਸਿੰਘ ਦਾ ਗੋਲਾ ਬਣ ਗਿਆ। ਉਨ੍ਹਾਂ ਦੇ ਕੀਰਤਨ ਤੇ ਇਤਨਾ ਆਸ਼ਿਕ ਹੋਇਆ ਕਿ ਉਨ੍ਹਾਂ ਦੀ ਹਰੇਕ ਘਰੋਗੀ ਲੋੜ ਪੂਰੀ ਕਰਨ ਵਿਚ ਸਹਾਈ ਹੁੰਦਾ। ਉਨ੍ਹਾਂ ਪਾਸ ਮੱਝਾਂ ਗਊਆਂ ਸਨ। ਉਹ ਜਿੰਨਾਂ ਚਾਹੁਣ ਤੇ ਜਿੱਥੇ ਚਾਹੁਣ ਪੱਠਾ ਦੱਥਾ ਲੈ ਆਉਣ। ਕਈ ਵਾਰ ਤਾਂ ਸਰਦਾਰ ਉਨ੍ਹਾਂ ਨੂੰ ਬਿਨਾ ਪੁੱਛਿਆਂ ਹੀ ਸੁਟਵਾ ਦੇਂਦਾ।

ਬਚਨ ਸਿੰਘ ਤੋਂ ਝਲਕਾਰਾ ਭਾਈ ਗੰਡਾ ਸਿੰਘ ਤੇ ਮੰਗਲ ਸਿੰਘ ਤੇ ਜਾ ਪਿਆ। ਜਿਵੇਂ ਬਿਜਲੀ ਕੁੱਠੇ ਨੂੰ ਛੂਹਣ ਨਾਲ ਛੂਹਣ ਵਾਲੇ ਨੂੰ ਝਟਕਾ ਵਜਦਾ ਹੈ, ਤਿਵੇਂ ਸ: ਗੰਡਾ ਸਿੰਘ ਮੰਗਲ ਸਿੰਘ ਵੀ ਮੂਰਛਿਤ ਹੋ ਡਿੱਗੇ। ਹੌਲੀ ਹੌਲੀ ਸਾਰਾ ਨਗਰ ਸਤਿਗੁਰੂ ਰਾਮ ਸਿੰਘ ਦੇ ਚਰਨਾਂ ਦਾ ਭੌਰਾ ਬਣ ਗਿਆ। ਘਰ ਘਰ ਵਿਚੋਂ ਧੰਨ ਗੁਰੂ ਹਰੀ ਸਿੰਘ, ਧੰਨ ਗੁਰੂ ਪ੍ਰਤਾਪ ਸਿੰਘ ਦੀਆਂ ਧੁੰਨਾਂ ਗੂੰਜਣ ਲੱਗ ਪਈਆਂ।

ਇਸ ਨਗਰ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਖ਼ਾਸ ਮਿਹਰ ਦ੍ਰਿਸ਼ਟੀ ਸੀ। ਸੱਚੇ ਪਾਤਸ਼ਾਹ ਦਾ ਕਿਸੇ ਪਾਸੇ ਦਾ ਦੌਰਾ ਹੋਵੇ ਸਮਾਂ ਕੱਢ ਕੇ ਇਥੇ ਦਰਸ਼ਨ ਜ਼ਰੂਰ ਦੇਂਦੇ ਤੇ ਸੰਗਤਾਂ ਵੀ ਦਰਸ਼ਨਾਂ ਨਾਲ ਗਦ ਗਦ ਹੋ ਉੱਠਦੀਆਂ। ਸਮੂੰਹ ਨਰ-ਨਾਰੀ ਖੇੜੇ ਵਿਚ ਹੁਲਾਰੇ ਖਾਂਦੇ। ਸਤਿਗੁਰੂ ਪ੍ਰਤਾਪ ਸਿੰਘ ਦੇ ਕਸਰਤੀ ਸੁਭਾਉ ਨੇ ਇੱਥੋਂ ਦੇ ਉੱਠ ਰਹੇ ਗੱਭਰੂਆਂ ਅੰਦਰ ਨਵੀਂ ਰੂਹ ਫੂਕ ਦਿੱਤੀ। ਜਵਾਨਾਂ ਨੇ ਰੱਸੇ ਦੀ ਟੀਮ ਬਣਾ ਲਈ। ਲਾਲ ਸਿੰਘ, ਪਾਲ ਸਿੰਘ, ਉੱਦਮ ਸਿੰਘ, ਬਿਸ਼ਨ ਸਿੰਘ, ਵਧਾਵਾ ਸਿੰਘ, ਨਰਾਇਣ ਸਿੰਘ, ਹੀਰਾ ਸਿੰਘ, ਮਲ ਸਿੰਘ, ਫੌਜਾ ਸਿੰਘ, ਭੋਲਾ ਸਿੰਘ, ਕਿਸ਼ਨ ਦਾਸ, ਹਰੀ ਸਿੰਘ, ਆਸਾ ਸਿੰਘ, ਅੱਛਰ ਸਿੰਘ, ਪਾਲਾ ਸਿੰਘ ਸੋਹਣ ਸਿੰਘ ਰੱਸੇ ਦੇ ਵੱਡੇ ਛੋਟੇ ਖਿਚਾਊ ਸਨ। ਲਾਲ ਸਿੰਘ ਮੋਢੀ ਤੇ ਨਰੈਣ ਸਿੰਘ ਮੋਟਾ ਬੀਡੀ ਦੇ ਜਵਾਨ ਸਨ। ਵਧਾਵਾ ਸਿੰਘ 22 ਮਣ ਦਾ ਗਾਰਡਰ ਚੁੱਕ ਲੈਂਦਾ ਸੀ, 13 ਮਣ ਦੀ ਮੁੰਗਲੀ ਫੇਰਦਾ ਸੀ, ਆਸਾ ਸਿੰਘ 14 ਹੱਥ ਦੀ ਛਾਲ ਮਾਰਦਾ ਸੀ। ਪਿੰਡ ਵਿਚ ਇਕ ਫਿਟਿਆ ਝੋਟਾ ਫਿਰਿਆ ਕਰਦਾ ਸੀ ਬਿਸ਼ਨ ਸਿੰਘ ਘਰੋਂ ਬਾਹਰ ਨਿਕਲਿਆ, ਸਾਮ੍ਹਣੇ ਖੜ੍ਹਾ ਵੇਖਿਆ। ਝੋਟੇ ਨੇ ਜ਼ਰਾ ਘੂਰਿਆ ਤਾਂ ਬਿਸ਼ਨ ਸਿੰਘ ਨੂੰ ਵੀ ਵਟ ਚੜ੍ਹ ਗਿਆ। ਉਸ ਜਾ ਸਿੰਗਾਂ ਤੋਂ ਫੜਿਆ ਤੇ ਧਕਣਾ ਸ਼ੁਰੂ ਕਰ ਦਿੱਤਾ। ਓਧਰ ਝੋਟਾ, ਇਧਰ ਜਵਾਨ ਧਕਾ ਪੇਲੀ ਚਲਦੀ ਰਹੀ, ਅਖ਼ੀਰ ਬਿਸ਼ਨ ਸਿੰਘ ਨੇ ਹੌਂਕਦੇ ਝੋਟੇ ਨੂੰ ਲੱਤੋਂ ਫੜ ਦੋ ਗੋਡੇ ਮਾਰ ਝੋਟੇ ਦੀਆਂ ਚਾਂਗਰਾਂ ਨਿਕਲ ਗਈਆਂ। ਇਹ ਸਾਰੇ ਦੇ ਸਾਰੇ 7 ਤੋਂ 7 ਫੁਟ ਲੰਮੇ ਸਨ। ਲਾਲ ਸਿੰਘ ਇਨ੍ਹਾਂ ਦਾ ਕਪਤਾਨ ਸੀ।

ਜਦ ਕਦੇ ਇਨ੍ਹਾਂ ਕਿਸੇ ਦੰਗ੍ਰਲ 'ਚ ਜਾਣਾ ਹੋਵੇ ਤਾਂ ਪਹਿਲਾਂ ਮਹੀਨਾ ਮਹੀਨਾ ਇਕੱਠਿਆਂ ਛਾਲਾਂ ਲਾਂਦੇ। ਵਾਰੀ ਵਾਰੀ ਘਰਾਂ ਤੋਂ ਦੁੱਧ ਲਿਆਉਂਦੇ। ਦੁੱਧ ਵੱਲੋਂ ਕੋਈ ਨਾਂਹ ਨਾ ਕਰਦਾ। ਪਿਛਲੇ ਪਹਿਰ ਮੁੜ ਰਗੜਾ। ਰਗੜੇ ਉਪ੍ਰੰਤ ਕਸਰਤ। ਘਰੀਂ ਵੀ ਛੱਤਾਂ ਨਾਲ ਲੁੰਡੇ ਰੱਸੇ ਲਟਕਾਈ ਰਖਦੇ, ਜਦ ਵਿਹਲ ਮਿਲੇ ਰੱਸੇ ਨੂੰ ਫੜ ਛਤ ਤਕ ਅਪੜਦੇ। ਮੁੜ ਉਤਰਦੇ, ਮੁੜ ਚੜ੍ਹਦੇ ਇੰਞ ਘੰਟਿਆਂ ਬੱਧੀ ਕਮਾਈ ਹੁੰਦੀ ਖ਼ੈਰ ਕਸਰਤ ਨਾਲ ਮੁੜਕੋ ਮੁੜਕ ਹੋ ਸਰੀਰ ਨੂੰ ਹੌਲਿਆਂ ਫੁਲ ਕਰਦੇ। ਰੱਸੇ ਦੀ ਖਿਚਾਈ ਉਪ੍ਰੰਤ ਇਸਨਾਨ ਪਾਨ ਕਰ ਸ਼ਬਦ ਪੜ੍ਹਦੇ ਚਾਰ ਚਾਰ ਮਹੀਨੇ ਧਰਮਸਾਲੇ ਹੀ ਘੁਜ਼ਾਜਦੇ ਕਿਸੇ ਨੂੰ ਘਰ ਜਾਣ ਦੀ ਖੁੱਲ੍ਹ ਨਹੀਂ ਸੀ ਹੁੰਦੀ। ਜਦ ਕਿਸੇ ਘਰ ਜਾਣਾ ਹੋਵੇ ਤਾਂ ਇੱਕ ਨਾਲ ਪਹਿਰੂਆਂ ਤੇ ਦੂਜਾ ਮਗਰ ਸੂਹੀਆ। ਇਸ ਕਸਰਤ ਸਮੇਂ ਘਰ ਦੀ ਸਿੱਖਣੀ ਨਾਲ ਵੀ ਗੱਲ ਨਹੀਂ ਸਨ ਕਰ ਸਕਦੇ। ਲੋਕ ਵੀ ਪੀਰਾਂ ਵਾਂਗੂ ਪੂਜਦੇ।

ਖ਼ੁਰਾਕ ਵੀ ਬਿਲਕੁਲ ਸਾਦਾ ਸੀ ਘਿਉ, ਦੁੱਧ, ਬਾਦਾਮ। ਬਾਦਾਮ ਤਾਂ ਸ਼ਹਿਰੋਂ ਇਉਂ ਮੰਗਵਾਂਦੇ ਜਿਵੇਂ ਵੜੇਵਿਆਂ ਦੀਆਂ ਬੋਰੀਆਂ। ਧਰਮਸਾਲੇ ਧੱਕਾਂ ਲਾਈ ਰਖਦੇ। ਅੱਧ ਸੇਰ ਘਿਉ ਉਨ੍ਹਾਂ ਦਾ ਇਕ ਘੁੱਟ ਸੀ। ਲੰਗਰ ਦੀ ਮਰਯਾਦਾ ਕਰਦੇ। ਅਸਲ ਵਿਚ ਮਰਯਾਦਾ ਹੀ ਸਭ ਖ਼ੂਬੀਆਂ ਦੀ ਮਾਂ ਹੈ।

ਮਰਯਾਦਾ ਨਾਲ ਘਰ ਦਾ ਕੰਮ ਚਲਦਾ ਹੈ। ਮਰਯਾਦਾ ਨਾਲ ਹਕੂਮਤਾਂ ਚਲਦੀਆਂ ਹਨ। ਮਰਯਾਦਾ ਨਾਲ ਸੂਰਜ, ਚੰਨ, ਤਾਰੇ, ਖਾਣੀਆਂ, ਬਾਣੀਆਂ ਸਦੀਆਂ ਤੋਂ ਕੰਮ ਕਰ ਰਹੇ ਹਨ। ਮਰਯਾਦਾ ਹੀਨ ਮਨੁੱਖ ਪਸ਼ੂ ਤੋਂ ਪ੍ਰਾਂਦ ਹੋ ਜਾਂਦਾ ਹੈ। ਇਨ੍ਹਾਂ ਜਵਾਨਾਂ ਦਾ ਮਰਯਾਦਾ ਨਾਲ ਲੰਗਰ ਕਰਨ ਵਾਲੇ ਬਹਾਦਰ ਸਿੰਘ ਮਹਿਰਾ ਤੇ ਝੰਡਾ ਸਿੰਘ ਸਨ। ਕਪਤਾਨ ਦਾ ਬਚਨ ਕੋਈ ਵੀ ਨਹੀਂ ਸੀ ਭੰਨਦਾ। ਇਹ ਸੇਵਾਦਾਰ ਵੀ ਜਵਾਨਾਂ ਨਾਲ ਖੇਡਾਂ ਸਮੇਂ ਬ੍ਰਹਮਚਰੀਆਂ ਧਾਰਨ ਕਰਦੇ। ਕਪਤਾਨ ਦਾ ਇਸ਼ਾਰਾ ਰੱਬੀ ਇਸ਼ਾਰਾ ਹੁੰਦਾ। ਉਸਦੇ ਬਚਨਾਂ ਤੇ ਜਵਾਨ ਤੇ ਸੇਵਾਦਾਰ ਪੂਰਾ ਪੂਰਾ ਪਹਿਰਾ ਦੇਂਦੇ।

ਲਗੀਆਂ ਛਿੰਞਾਂ ਪੈਣ ਤੇ ਮੁਕਾਬਲੇ ਹੋਣ। ਆਲੇ-ਦੁਆਲੇ ਦੇ ਪਹਿਲਵਾਨ ਸਭ ਇਨ੍ਹਾਂ ਦਾ ਲੋਹਾ ਮੰਨ ਗਏ। ਧੁੰਮਾਂ ਦੂਰ ਦੂ ਤਕ ਪੁੱਜ ਗਈਆਂ। ਲਗੀਆਂ ਟੀਮਾਂ ਆਪਣੇ ਆਪਣੇ ਜੌਹਰ ਅਜ਼ਮਾਉਣ। ਕਰਨਾਲੋਂ ਜਾਟ ਆਏ। ਉਹ ਵੀ ਵੇਖਣ ਨੂੰ ਸੁਹਣੇ ਤੇ ਸਡੌਲ ਮਗਰ ਦਮ ਨ ਮਾਰ ਸਕੇ। ਬਿਗਾਨੀਆਂ ਹਾਂਡੀਆਂ ਦਾ ਦੁੱਧ ਲੁੱਟ ਲੁੱਟ ਪੀਣ ਤੇ ਗੋਸ਼ਤ ਖਾਣ ਵਾਲੇ ਜਾਂਗਲੀ ਵੀ ਆਏ। ਹੰਕਾਰੇ, ਬੁੜਕਣ ਤੇ ਜੱਲੀਆਂ ਪਾਉਣ, ਛੱਤਿਆਂ ਨੂੰ ਸੰਵਾਰਨ। ਪੰਜਾਂ ਪੀਰਾਂ ਨੂੰ ਮਨਾ ਯਾਰਾਂ ਦੇ ਮੁਕਾਬਲੇ ਤੇ ਅਠਾਰਾਂ ਲੱਗੇ ਪਰ ਜਦ ਕੂਕੇ ਸਿੰਘਾਂ ਇੱਕੋ ਪੀਰ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਰਦਾਸਾ ਸੋਧ ਰੱਸਾ ਬੰਨ੍ਹਿਆ ਤਾਂ ਮੂੰਹੋਂ ਝਗ ਛੁੱਟ ਗਈ। ਬਥੇਰਾ ਅੱਲੀ ਅੱਲੀ ਕਰਨ ਮਗਰ ਪੇਸ਼ ਨ ਗਈ। ਰੱਸਾ ਇਉਂ ਜਾਪੇ ਜਿਵੇਂ ਧਰਤੀ ਵਿਚ ਗਡਿਆ ਗਿਆ ਹੈ। ਅੰਤ ਮੂੰਹ ਦੀ ਖਾ ਕੇ ਡਿੱਗੇ। ਤੌਬਾ ਤੌਬਾ ਕਰ ਕੰਨਾਂ ਨੂੰ ਹੱਥ ਲਾਏ 'ਇਹ ਸਿੱਖ ਤਾਂ ਬਲਾਈਂ ਹਨ। ਇਨ੍ਹਾਂ ਨੂੰ ਬੰਦੇ ਕੌਣ ਆਖਦਾ ਹੈ। ਇਨ੍ਹਾਂ ਦਾ ਕੋਈ ਡਾਢਾ ਪੀਰ ਜਾਪਦਾ ਏ।'

ਇਵੇਂ ਫਰੀਦਕੋਟ, ਤੇ ਬਾਕੀ ਰਿਆਸਤਾਂ ਦੇ ਮਿਲਕੇ ਜਵਾਨ ਨਾਭੇ ਪੁੱਜੇ। ਉਹ ਵੀ ਨਾਮੀ ਰਿਆਸਤੀ ਜਵਾਨ ਸਨ। ਫਰੀਦਕੋਟ ਤੋਂ ਟਹਿਲਾ ਬਾਈ ਮਣ ਦੀ ਮੁੰਗਲੀ ਫੇਰਦਾ ਸੀ ਤੇ ਇਕ ਤੇਲੀ ਸੁਹਾਗਾ ਰਖਕੇ ਕਸਰਤ ਕਰਨ ਦਾ ਆਦੀ ਸੀ। ਮਗਰ ਜਦ ਸਤਿਗੁਰੂ ਪ੍ਰਤਾਪ ਸਿੰਘ ਦਿਆਂ ਲਾਡਲਿਆਂ ਹੱਥ ਵਿਖਾਏ ਤਾਂ ਰੱਸੇ ਨਾਲ ਇਉਂ ਘਸੀਟਦੇ ਆਏ ਜਿਵੇਂ ਕੁੱਤੀ ਪ੍ਰੋਲਾ ਧਰੂਈ ਜਾਂਦੀ ਏ।

ਇਨ੍ਹਾਂ ਸਾਦ ਮੁਰਾਦੇ ਸੂਰਮਿਆਂ ਦੀਆਂ ਧੁੰਮਾਂ ਸਤਿਗੁਰਾਂ ਦੀ ਕਿਰਪਾ ਨਾਲ ਫ਼ੌਜਾਂ ਤਕ ਪੁੱਜ ਗਈਆਂ। ਚੌਦ੍ਹਾਂ ਨੰਬਰ ਦੀ ਪਲਟਣ ਵਿਚੋਂ ਚੋਣਵੇਂ ਮਲਵਈ ਤਿਆਰ ਹੋ ਆਏ। ਇਹ ਜਵਾਨ ਸੁਹਣੇ, ਸੁਨੱਖੇ, ਲੰਮੇ ਉੱਚੇ, ਗੋਰੇ ਚਿੱਟੇ ਵੇਖਿਆਂ ਭੁੱਖ ਲਹੇ। ਖਾਕੀ ਵਰਦੀਆਂ ਵਿਚ ਤੇਜ਼ ਝਲਿਆ ਨ ਜਾਵੇ ਮਗਰ ਇਧਰ ਖੱਦਰ ਪੋਸ਼, ਬਾਹਾਂ ਵਾਲੀਆਂ ਕੁੜਤੀਆਂ, ਸਿਰਾਂ ਤੇ ਪਰਨੇ, ਤੋੜ ਕਛਹਿਰੇ, ਪੈਰਾਂ ਤੋਂ ਨੰਗੇ। ਗੁਰੂ ਨੂੰ ਯਾਦ ਕਰ ਮੈਦਾਨ ਵਿਚ ਉਤਰੇ। ਬਹੁਤਿਆਂ ਨੂੰ ਟਪਲਾ ਲੱਗ ਗਿਆ ਕਿ ਇਹ ਸਾਧੂ ਇਨ੍ਹਾਂ ਫ਼ੌਜੀਆਂ ਦੇ ਟਾਕਰੇ ਤੇ ਕੀ। ਗੋਰਾ ਕਪਤਾਨ ਵੀ ਹੈਂਕੜ ਨਾਲ ਆਕੜਿਆ ਫਿਰੇ, 'ਯਿਹ ਗੰਵਾਰ ਸੀਖ ਕਿਆ

ਮੁਕਾਬਲਾ ਕਰ ਸਕਤੇ ਹੈਂ।' ਖ਼ੈਰ ਮੁਕਾਬਲਾ ਸ਼ੁਰੂ ਹੋ ਗਿਆ। ਟ੍ਰੈਂਡ ਫ਼ੌਜੀ ਲੱਗੇ ਦਾਉ ਪੇਚ ਲੜਾਨ। ਸਿੱਧੇ ਪੁੱਠੇ ਹੋ ਕਈ ਹੱਥ ਪੈਰ ਮਾਰੇ, ਬੜਾ ਸਮਾਂ ਜ਼ੋਰ ਮਾਰਦੇ ਹਫ ਹਟ ਗਏ। ਅੱਧੇ ਗਸ਼ ਖਾਕੇ ਡਿੱਗ ਪਏ ਮਗਰ ਇਹ ਪੀਰ ਸੁਮੇਰ ਪਰਬਤ ਵਾਂਗੂ ਡੱਟੇ ਰਹੇ। ਅੰਗ੍ਰੇਜ਼ ਗੁੱਸੇ ਨਾਲ ਲਾਲ ਪੀਲਾ ਹੋ ਦੰਦ ਕਰੀਚੇ। ਉਸ ਵੇਖਿਆ ਜਦ ਸਾਰੇ ਹੀਲੇ ਬਹਾਨੇ ਰਹਿ ਗਏ ਹਨ ਤਾਂ ਹਕੂਮਤ ਦੇ ਰੁਅਬ ਵਿਚ ਸਿੰਘਾਂ ਦੇ ਹੱਥਾਂ ਤੇ ਹੰਟਰ ਮਾਰਨੇ ਸ਼ੁਰੂ ਕਰ ਦਿੱਤੇ। ਹੁਣ ਟੀਮ ਨੇ ਬਹੁਤ ਲਮਕਾਣਾ ਠੀਕ ਨ ਸਮਝਿਆ। ਬਸ ਕਪਤਾਨ ਦਾ ਇਸ਼ਾਰਾ ਪਾਂਦਿਆਂ ਮਲਵਈਆਂ ਨੂੰ ਧਰੂ ਸੁਟਿਆ ਸਭ ਪਾਸਿਉਂ ਵਾਹ ਵਾਹ ਹੋਈ, ਪਰ ਇਨ੍ਹਾਂ ਗੁਰੂ ਦੁਲਾਰਿਆਂ ਦੇ ਮੂੰਹੋਂ ਕੋਈ ਹੰਕਾਰਿਆ ਸ਼ਬਦ ਨ ਨਿਕਲਿਆ ਸਗੋਂ ਰੰਗ ਵਿਚ ਰੰਗਿਆ ਸ਼ਬਦ ਪੜ੍ਹਦਿਆਂ ਸਤਿਗੁਰੂ ਦਾ ਧੰਨਵਾਦ ਕੀਤਾ।

ਸੰਨ 1911 ਵਿਚ ਜਾਰਜ ਪੰਜਵੇਂ ਦੀ ਤਾਜ ਪੋਸ਼ੀ ਦਾ ਐਲਾਨ ਹੋਈਆ। ਗ਼ੁਲਾਮਾਂ ਤੇ ਰੁਅਬ ਦਾਬਾ ਦਸਣ ਵਾਸਤੇ ਤੇ ਸ਼ਾਹੀ ਜੱਲੋ ਜਲਾਲ ਵਖਾਣ ਖਾਤਰ ਪਿੰਡ ਪਿੰਡ ਢੰਡੋਰੇ ਪਿੱਟਵਾਏ ਗਏ, ਢੋਲ ਕੁੱਟੇ ਗਏ। ਰਾਜਿਆਂ ਮਹਾਰਾਜਿਆਂ ਤੋਂ ਵੱਖ ਹਰ ਪ੍ਰਕਾਰ ਦੇ ਹੁਨਰਮੰਦਾਂ ਨੂੰ ਸੱਦੇ ਦਿੱਤੇ ਗਏ। ਕੂਕੇ ਗੋਰੀ ਸਰਕਾਰ ਦੇ ਪੱਕੇ ਵਿਰੋਧੀ ਸਨ, ਮਗਰ ਟੋਡੀਆਂ ਦੇ ਮੂੰਹ ਤੇ ਚਪੇੜ ਮਾਰਨ ਵਾਸਤੇ ਇਹ ਵੀ ਤਿਆਰ ਹੋ ਗਏ। ਇਨ੍ਹਾਂ ਡੀ.ਸੀ. ਲਾਇਲਪੁਰ ਨੂੰ ਇਤਲਾਹ ਦਿੱਤੀ। ਉਸਨੇ ਸਾਰੇ ਪ੍ਰਬੰਧ ਕਰ ਦਿੱਤੇ।

ਸ: ਗੁਰਬਖਸ਼ ਸਿੰਘ ਢੋਟੀਆਂ ਵਾਲੇ ਦਸਦੇ ਹਨ ਕਿ ਉਨ੍ਹਾਂ ਦਾ ਵਡਾਰੂ ਦਿੱਲੀ ਦਰਬਾਰ ਦੀਆਂ ਗੱਲਾਂ ਕਰਿਆ ਕਰਦੇ ਸਨ ਕਿ ਉਨ੍ਹੀ ਦਿਨ੍ਹੀ ਦਿੱਲੀ ਨੂੰ ਕਿਵੇਂ ਸੱਜ-ਵਿਆਹੀ ਲਾੜੀ ਵਾਂਗੂੰ ਸਜਾਇਆ ਗਿਆ। ਥਾਂ ਥਾਂ ਝੰਡੀਆਂ, ਵੱਡੇ ਵੱਡੇ ਦਰਵਾਜ਼ੇ। ਅੰਨ੍ਹੀ ਪੀਹੀਏ ਤੇ ਕੁੱਤੀ ਚੱਟੇ ਵਾਲਾ ਹਿਸਾਬ। ਸੜਕਾਂ ਤੇ ਪਾਣੀ ਵਿਚ ਸਰ੍ਹੋਂ ਦਾ ਤੇਲ ਪਾ ਪਾ ਕੇ ਛਿੜਕਿਆ ਤਾਕਿ ਘੱਟਾ ਨ ਉਡੇ। ਤੰਬੂ, ਕਨਾਤਾਂ ਤੇ ਸ਼ਾਮਿਆਨਿਆਂ ਨਾਲ ਇੱਕ ਨਵੀਂ ਦਿੱਲੀ ਵਸ ਗਈ। ਨਵੇਂ ਬਾਜ਼ਾਰ ਕਾਇਮ ਹੋ ਗਏ। ਪੂੜੀ, ਕਚੋਰੀ, ਲੱਡੂ, ਪੇੜੇ ਤੇ ਵਰਕਾਂ ਵਾਲੀਆਂ ਬਰਫੀਆਂ ਦੇ ਨਾਲ ਨਾਲ ਗਰਮ ਗਰਮ ਪਕੌੜਿਆਂ ਦੀਆਂ ਦੁਕਾਨਾਂ ਖੁਸ਼ਬੂਆਂ ਨਾਲ ਗਾਹਕਾਂ ਨੂੰ ਖਿੱਚਣ ਲੱਗ ਪਈਆਂ। ਚਵੀਂ ਪਾਸੀ ਢੋਲ ਢਮੱਕੇ, ਬੰਸਰੀਆਂ, ਤੇ ਗੋਜੇ-ਨਾਦ ਛੇੜਿਆ। ਕਈ ਰਾਂਝੇ ਅੱਖੀਂ ਸੁਰਮਾਂ, ਪਟਿਆਂ ਨੂੰ ਤੇਲ, ਤੇੜ ਦੀਆਂ ਚਾਦਰਾਂ ਨਾਲ ਸੜਕਾਂ ਹੂੰਝਦਿਆਂ, ਬੁੱਲ੍ਹਾਂ ਨਾਲ ਵੰਜਲੀ ਜੋੜ ਜਵਾਨੀ ਦਾ ਟੋਰ੍ਹ ਵਖਾਂਦੇ ਸਨ। ਅਨੇਕ ਜਵਾਨ ਹਾਰ ਹਮੇਲ, ਕੰਠੇ, ਮਾਲਾਵਾਂ ਨਾਲ ਝਲਮਲ ਕਰਦੇ ਫਿਰਦੇ ਸਨ। ਵੰਨ ਸੁਵੰਨੀ ਪੁਸ਼ਾਕ ਵਖਾਈ ਦੇਂਦੀ ਸੀ। ਪਠਾਣੀ ਤੁੱਰੇ, ਪੰਜਾਬੀ ਦਸਤਾਰੇ, ਰਾਜਸਥਾਨੀ ਚੀਰੇ, ਮਾਰਵਾੜੀ ਪੱਗੜ, ਪਾਜਾਮੇ, ਗ੍ਰਾਰੇ, ਧੋਤੀਆਂ, ਲਖਨਵੀ ਕੁੜਤੇ, ਨਵੇਂ ਗ਼ੁਲਾਮਾਂ ਦੇ ਸਿਰਾਂ ਤੇ ਹੈਟ, ਲਕੀ ਪਤਲੂਨਾਂ, ਗਲੀਂ ਟਾਈਆਂ ਗੋਰੇ ਸਾਹਬਾਂ ਤੇ ਕਾਲੇ ਸਾਹਬਾਂ ਨਾਲ ਮੋਢੇ

ਨਾਲ ਮੋਢਾ ਠਹਿਰਦਾ ਸੀ। ਇਸ ਤੋਂ ਵੱਖ ਨਜ਼ਾਮ ਹੈਦਰਾਬਾਦ, ਬੀਕਾਨੇਰ, ਜੋਧਪੁਰ, ਪਟਿਆਲਾ, ਨਾਭਾ, ਜੀਂਦ, ਬਹਾਵਲਪੁਰ ਤੇ ਹੋਰ ਛੋਟੀਆਂ ਮੋਟੀਆਂ ਰਿਆਸਤਾਂ ਦੀਆਂ ਪਲਟਣਾਂ ਦੇ ਨਾਲ ਨਾਲ ਜੀ ਹਜ਼ੂਰਰੀਏ ਸਰਦਾਰ ਸਾਹਿਬ, ਨਵਾਬ ਸਾਹਬ, ਰਾਏ ਸਾਹਬਾਂ ਨੇ ਆਪਣੀ ਛਾਉਣੀ ਪਾ ਦਿੱਤੀ। ਹਰੇਕ ਦੂਸਰੇ ਨਾਲੋਂ ਵਧੇਰੇ ਵਫਾਦਾਰੀ ਦੱਸਣ ਦਾ ਚਾਹਵਾਨ ਸੀ ਤੇ ਦੂਜੇ ਨੂੰ ਲੱਤ ਹੇਠੋਂ ਲੰਘਾਉਣ ਵਾਸਤੇ ਸਿਰ ਧੜ ਦੀ ਬਾਜ਼ੀ ਲਾਈ ਬੈਠਾ ਸੀ।

ਸਰਕਾਰੀ ਪਿਆਦੇ, ਰਸਾਲੇ, ਊਠ, ਜੰਬੂਰੇ, ਤੋਪਚੀ ਖੂਬ ਸੱਜ ਧੱਜ ਨਾਲ ਆਪਣੇ ਆਪਣੇ ਕੈਂਪਾਂ ਵਿਚ ਟਿੱਕ ਗਏ। ਬੈਂਡ ਬਾਜਿਆਂ ਨਾਲ ਸ਼ਹਿਨਾਈਆਂ, ਤੰਬੂਰੇ, ਤੂਤੀਆਂ, ਬਿਗਲ ਸਾਰੇ ਦੇ ਸਾਰੇ - ਖ਼ੁਦਾ ਸ਼ਹਿਨਸ਼ਾਹਿ ਹਿੰਦ ਕੋ ਸਲਾਮਤ ਰਖੇ - ਦੀਆਂ ਸੁਰਾਂ ਦਾ ਅਲਾਪ ਕਰਦੇ ਸਨ। ਲੰਮੇ ਚੌੜੇ ਸ਼ਮਿਆਨਿਆਂ ਵਿਚ ਜਰਕ ਬਰਕ ਕਰਦੇ ਈਰਾਨੀ ਗਲੀਚੇ ਤੇ ਮਖਮਲੀ ਗੱਦੇ ਵਿਛ ਗਏ। ਸਰਕਾਰੀ ਤੇ ਗ਼ੈਰ-ਸਰਕਾਰੀ ਦਰਸ਼ਕ ਮਨ ਦੀਆਂ ਰੀਝਾਂ ਪੂਰੀਆਂ ਕਰ ਰਹੇ ਸਨ। ਗਵੀਏ, ਨਾਚੇ, ਨਾਚੀਆਂ ਚਟਕ ਮਟਕ ਨਾਲ ਇੰਦਰ ਦੇ ਅਖਾੜੇ ਦੀਆਂ ਅਪਛਰਾਂ ਦੀ ਯਾਦ ਕਰਾ ਰਹੇ ਸਨ। ਮਾਲੂਮ ਹੁੰਦਾ ਸੀ ਜੰਨਤ ਦੀਆਂ ਹੂਰਾਂ ਦਿੱਲੀ ਵਿਚ ਆ ਵਾਸਾ ਕੀਤਾ ਏ। ਇਸ ਨਜ਼ਾਰੇ ਨੂੰ ਤਕ ਕਿਸੇ ਟੋਡੀ ਕਵੀ ਦੀ ਕਲਮ ਨਸ਼ਿਆਈ ਗਈ ਤੇ ਵਜਦ ਵਿਚ ਸੰਖੇਪ ਰੂਪ ਵਿਚ ਸਾਰੇ ਨਜ਼ਾਰੇ ਨੂੰ ਇਉਂ ਨਿਰੂਪਣ ਕੀਤਾ:-

ਦਿੱਲੀ ਦੇਖੀ ਦਿੱਲੀ ਵਾਲੇ ਦੇਖੇ।
ਗੋਰੇ ਦੇਖ, ਕਾਲੇ ਦੇਖ,
ਬੈਂਡ ਬਜਾਨੇ ਵਾਲੇ ਦੇਖੇ,
ਜਮਨਾ ਜੀ ਦਾ ਪਾਟ ਕੋ ਦੇਖਾ,
ਕੁਤਬ ਸਾਹਿਬ ਦੀ ਲਾਟ ਕੋ ਦੇਖਾ,
ਸਭ ਸੇ ਊਂਚੇ ਲਾਟ ਕੋ ਦੇਖ।

ਇਸ ਸ਼ਾਹੀ ਜਸ਼ਨ ਨੂੰ ਸਫਲ ਬਣਾਉਣ ਹਿਤ ਪੁਲਿਸ, ਘੋੜ-ਸਵਾਰ, ਰਾਈਫਲਾਂ ਵਾਲੇ ਫ਼ੌਜੀ ਤੇ ਚਿੱਟੇ ਕੱਪੜਿਆਂ ਵਿਚ ਖ਼ੁਫ਼ੀਏ ਪੁਲਿਸ ਦੇ ਲਾਉਲਸ਼ਕਰ ਭੱਜੇ ਫਿਰਦੇ ਸਨ। ਜਿਸ ਨੂੰ ਤਕ ਕੇ ਗੋਰੇ ਦੇ ਜੋਬਨ ਦਾ ਪਤਾ ਲੱਗਦਾ ਸੀ। ਮਗਰ ਇਸ ਗਹਿਮਾ ਗਹਿਮ ਵਿਚ ਇਕ ਨਾਬੀਨਾ ਲਾਠੀ ਦੇ ਸਹਾਰੇ ਹੱਥ ਵਿਚ ਕਚਕੌਲ ਫੜੀ ਬੜੀ ਦਰਦ ਭਰੀ ਆਵਾਜ਼ ਨਾਲ ਆਸਮਾਨੀ ਅਦਲਾ ਬਦਲੀ ਤੋਂ ਜਾਣੂ ਕਰਾਂਦਾ ਜਾ ਰਿਹਾ ਸੀ - ਖ਼ੁਦਾ ਦੇ ਨਾਉਂ ਦਾ ਇਕ ਪੈਸਾ, ਬਾਬਰ ਦੀ ਔਲਾਦ ਨੂੰ ਇਕ ਪੈਸਾ, ਤੈਮੂਰ ਦੀ ਔਲਾਦ ਨੂੰ ਇੱਕ ਪੈਸਾ - ਇਨ੍ਹਾਂ ਜਿਗਰ-ਵਿਨਵੇਂ ਸ਼ਬਦਾਂ ਨੇ ਕਈ ਸਿਆਣਿਆਂ ਦੀਆਂ ਅੱਖਾਂ ਦੇ ਸਾਹਮਣਿਉਂ ਸੰਸਾਰ ਦੇ ਚੱਕਰਾਂ ਦੀ ਫ਼ਿਲਮ ਸਹਿਜੇ ਹੀ ਲੰਘ ਗਈ ਤੇ ਪੱਕਾ ਯਕੀਨ ਹੋ ਗਿਆ ਕਿ ਜੇ ਉਹ ਨਹੀਂ ਰਹੇ ਤਾਂ ਰਹਿਣ ਇਹ ਵੀ ਨਹੀਂ ਲੱਗੇ। ਜੇ ਚੰਮ ਦੀਆਂ ਚਲਾਉਣ ਵਾਲੇ ਮੁਗ਼ਲਾਂ ਦਾ ਨਾਮੋ ਨਿਸ਼ਾਨ ਮਿਟ

ਗਿਆ ਹੈ ਤਾਂ ਇਹ ਗੋਰੇ ਵੀ ਚਾਰ ਦਿਨਾਂ ਦੇ ਪ੍ਰਾਹੁਣੇ ਹਨ। ਕਿਸੇ ਕਵੀ ਨੇ ਠੀਕ ਹੀ ਆਖਿਆ ਹੈ:-

ਜਬ ਸੇ ਹੈ ਫਲਕ ਅਬਲ ਕੇ ਅਯਾਮ ਪਰ ਸਵਾਰ
ਰਖਤਾ ਨਹੀਂ ਕਿਸੀ ਕਾ ਦਸਤ ਬੱਬਨ ਕਾ
ਜਿਨ ਕੇ ਤਵੀਲ ਮੇਂ ਕਈ ਦਿਨ ਕੀ ਬਾਤ ਹੈ
ਅਰਾਕੀਊ ਅਰਬੀ ਕਾ ਥਾ ਨ ਸ਼ੁਮਾਰ
ਦੇਖਤਾ ਹੂੰ ਇਸ ਜ਼ਮਾਨੇ ਕੇ ਹਾਥ ਸੇ
ਮੋਚੀ ਸੇ ਕਫਸੇ ਪਾ ਕੇ ਘੰਢਾਤੇ ਹੈਂ ਵੁਹ ਉਧਾਰ।

ਖ਼ੈਰ ਇਸ ਬਨਾਉਟੀ ਨਗਰੀ ਵਿਚ ਸਤਿਗੁਰੂ ਪ੍ਰਤਾਪ ਸਿੰਘ ਦੇ ਦੁਲਾਰਿਆਂ ਵੀ ਜਾ ਜੈਕਾਰੇ ਛੱਡੇ। ਇਹ ਉਸ ਜਸ਼ਨ ਵਿਚ ਰੌਣਕ ਦਾ ਵਾਧਾ ਕਰਨ ਤਾਂ ਨਹੀਂ ਗਏ ਸਨ, ਮਗਰ ਗੋਰਿਆਂ ਨੂੰ ਇਹ ਦੱਸਣ ਗਏ ਸਨ ਕਿ ਗੋਰਿਆਂ ਦੇ ਚਾਟੜਿਆਂ ਨਾਲੋਂ ਭਾਰਤੀ-ਸਭਿਅਤਾ ਨੂੰ ਕਾਇਮ ਰੱਖਣ ਦੇ ਚਾਹਵਾਨ ਉਨ੍ਹਾਂ ਦੀ ਹਰ ਅਖਾੜੇ ਵਿਚ ਉਨ੍ਹਾਂ ਦੀ ਝੰਡੀ ਨੀਵੀਂ ਕਰਕੇ ਭੰਨ ਸਕਦੇ ਹਨ।

ਇਨ੍ਹਾਂ ਦੇ ਸਿੱਧੇ ਦਸਤਾਰੇ, ਸੂਦੇ ਦਾੜ੍ਹੇ, ਦੁੱਧ ਚਿੱਟੇ ਕੁੜਤੇ, ਗਲੀਂ ਕੰਠੇ ਮਾਲਾਂ, ਉੱਚੇ ਅੰਗਾਰਿਆਂ ਵਾਂਗੂੰ ਭਖਦੇ ਨੇਤਰ, ਖਰਾਦੀਆਂ ਗੋਲ ਬਾਹੀਂ, ਭਰਵੇਂ ਗੇਲੀਆਂ ਵਰਗੇ ਪਟ, ਫਬਵੀਂ ਡੀਲ ਡੌਲ ਬਾਜ਼ਾਰ ਵਿਚੋਂ ਦੀ ਲੰਘੇ ਤਾਂ ਦਰਸ਼ਕਾਂ ਦੀਆਂ ਅੱਖਾਂ ਅੱਡੀਆਂ ਦੀਆਂ ਅੱਡੀਆਂ ਰਹਿ ਗਈਆਂ। ਉਨ੍ਹਾਂ ਨੂੰ ਇਉਂ ਭਾਸਿਆ ਜਿਵੇਂ ਚਿੱਟੇ, ਹਾਥੀ, ਚਿੱਟੀਆਂ ਗਾਨੀਆਂ ਨਾਲ ਆਕਾਸ਼ ਵਿਚੋਂ ਉਤਰੇ ਹਨ। ਜਿਸ ਰਾਹੋਂ ਲੰਘੇ ਵੇਖਣ ਵਾਲੇ ਬੁੱਤ ਬਣ ਖਲੋਤੇ। ਇਨ੍ਹਾਂ ਦਾ ਡੇਰਾ ਵੀ ਇਕ ਤੰਬੂ ਵਿਚ ਲੱਗ ਗਿਆ। ਗਏ ਜਾਰਜ-ਪੰਜਵੇਂ ਦੀ ਤਾਜ-ਪੋਸ਼ੀ ਦੇ ਜਸ਼ਨ ਤੇ ਮਗਰ ਰਸਦਾਂ ਆਪਣੀਆਂ। ਘਿਉ ਦੇ ਪੀਪੇ, ਬਾਦਾਮਾਂ ਦੀਆਂ ਬੋਰੀਆਂ ਤੇ ਹੋਰ ਆਟੇ ਦਾਲੇ ਸਭ ਲੰਗਰ ਦੇ ਵਿੱਚੇ। ਬਜ਼ਾਰ ਦੀ ਚੀਜ਼ ਨੂੰ ਹੱਥ ਨਹੀਂ ਲਾਉਣਾ। ਨਲਕੇ ਤੋਂ ਪਾਣੀ ਨਹੀਂ ਵਰਤਣਾ। ਸੇਵਾਦਾਰ ਜਮਨਾ ਤੋਂ ਜਲ ਲਿਆਉਣ ਤੇ ਵਰਤਣ। ਸਰਕਾਰੋਂ ਸਭ ਟੀਮਾਂ ਨੂੰ ਰਾਸ਼ਨ ਮਿਲਦਾ, ਇਨ੍ਹਾਂ ਨੂੰ ਜੋ ਮਿਲੇ, ਜਾਂ ਹੋਰ ਲੱਡੂ, ਪੇੜੇ, ਮਠਿਆਈਆਂ ਪਹਿਲਵਾਨਾਂ ਲਈ ਆਉਂਦੇ, ਉਹ ਛੋਪਲੇ ਹੀ ਗ਼ਰੀਬ-ਗ਼ੁਰਬਿਆਂ ਵਿਚ ਵੰਡ ਦੇਂਦੇ, ਉਸ ਵਿਚੋਂ ਰਤੀ ਭਰ ਵੀ ਰਵਾਦਾਰ ਨਾ ਹੁੰਦੇ। ਸਦਾ ਆਪਣੀ ਹੀ ਰਸਦ ਵਰਤਦੇ। ਲੋਕੀਂ ਵੀ ਇਨ੍ਹਾਂ ਦੀ ਰਹਿਣੀ, ਬਹਿਣੀ, ਤੇ ਅਸ਼ ਅਸ਼ ਕਰਦੇ। ਇਹ ਗੁਰੂ ਦੁਲਾਰੇ ਜਸ਼ਨ ਦੇ ਦਿਨੀਂ ਵੀ ਆਪਣੇ ਰੋਜ਼ ਦਾ ਨਿਤਨੇਮ, ਭਜਨ-ਬਾਣੀ ਤੇ ਸ਼ਬਦ ਕੀਰਤਨ ਨੇਮ ਨਾਲ ਕਰਦੇ। ਬ੍ਰਾਜਣ ਤੋਂ ਪਹਿਲਾਂ ਜਦ ਮਿੱਠੀਆਂ ਤੇ ਭਰਵੀਆਂ ਸੁਰਾਂ ਵਿਚ ਅਲਾਪ ਕਰਦੇ ਤਾਂ ਸ੍ਰੋਤਿਆਂ ਤੇ ਵਜਦ ਭਾਰੀ ਹੋ ਜਾਂਦਾ।

ਜਸ਼ਨ ਆਰੰਭ ਹੋਣ ਤੋਂ ਪਹਿਲਾਂ ਵੱਖ ਵੱਖ ਅਕੀਦੇ ਵਾਲਿਆਂ ਆਪਣੇ ਆਪਣੇ ਅਕੀਦੇ ਅਨੁਸਾਰ ਜਾਰਜ ਦੀ ਲੰਮੀ ਉਮਰ ਤੇ ਅੰਗ੍ਰੇਜ਼ੀ ਰਾਜ ਦੀ ਜੈ ਵਾਸਤੇ ਪ੍ਰਾਰਥਨਾਂ ਕੀਤੀਆਂ। ਸਿੱਖਾਂ ਵੱਲੋਂ ਬਾਬਾ ਸਾਹਿਬ ਸਿੰਘ ਸਤਲਾਣੀ ਵਾਲਾ

ਚੁਣਿਆ ਗਿਆ। ਉਸ ਨੇ ਭਾਰਤ ਦੇ ਸਮੂੰਹ ਅਵਤਾਰਾਂ, ਸੰਤਾਂ, ਮਹੰਤਾਂ ਦੇ ਨਾਉਂ ਲੈਂਦਿਆਂ ਦਸਮੇ ਪਾਤਸ਼ਾਹ ਤਕ ਆ ਕੇ ਰੁਕ ਗਿਆ ਤਾਂ ਪਾਲਾ ਸਿੰਘ 'ਨਿਹੰਗ' ਨੇ ਖੰਡਾ ਧੂਹ ਲਿਆ। ਜਦ ਪ੍ਰਬੰਧਕ ਅਫ਼ਸਰਾਂ ਨੇ ਕਾਰਨ ਪੁੱਛਿਆ ਤਾਂ ਨਿਹੰਗ ਸਿੰਘ ਨੇ ਕਿਹਾ, ਇਸ ਨੂੰ ਹੁਕਮ ਹੈ ਸਮੂੰਹ ਗੁਰੂਆਂ ਦੇ ਨਾਉਂ ਲਏ ਮਗਰ ਇਸ ਨੇ ਗੁਰੂ ਬਾਲਕ ਸਿੰਘ ਦਾ ਨਾਉਂ ਨਹੀਂ ਲਿਆ। ਉਸ ਤੋਂ ਉਪ੍ਰੰਤ ਨਿਹੰਗ ਸਾਹਿਬ ਜੀ ਨੂੰ ਅਰਦਾਸ ਵਾਸਤੇ ਕਿਹਾ ਗਿਆ। ਸਿੰਘ ਸਾਹਿਬ ਨੇ ਬੜੇ ਸਤਿਕਾਰ ਨਾਲ ਅਵਤਾਰਾਂ ਤੇ ਗੁਰੂ ਸਾਹਿਬਨ ਦੇ ਨਾਲ ਗੁਰੂ ਬਾਲਕ ਸਿੰਘ, ਸਤਿਗੁਰ ਰਾਮ ਸਿੰਘ ਤੇ ਗੁਰੂ ਹਰੀ ਸਿੰਘ ਦਾ ਨਾਉਂ ਲਿਆ ਤਾਂ ਅਰਦਾਸਾ ਪ੍ਰਵਾਨ ਗਿਣਿਆ ਗਿਆ। ਨਿਹੰਗ ਨੂੰ ਇਸ ਪ੍ਰਾਰਥਨਾ ਬਦਲੇ 4 ਮੁਰੱਬੇ ਜ਼ਮੀਨ ਦਿੱਤੀ ਗਈ।

ਇਸ ਦੇ ਨਾਲ ਹੀ ਵੱਖ ਵੱਖ ਪਿੜ ਕਾਇਮ ਹੋ ਗਏ। ਕੁਸ਼ਤੀਆਂ, ਗਤਕੇ, ਪੋਲੋ, ਨੇਜ਼ਾਬਾਜ਼ੀ ਤੇ ਕਬੱਡੀ ਦੇ ਅਖਾੜੇ ਬੱਝ ਗਏ। ਰੱਸੇ ਵਾਲਿਆਂ ਆਪਣੇ ਪਿੜ ਕਾਇਮ ਕੀਤੇ। ਸਭ ਤੋਂ ਵਧੇਰੇ ਦਰਸ਼ਕ ਸਤਿਗੁਰੂ ਪ੍ਰਤਾਪ ਸਿੰਘ ਦੇ ਪਹਿਲਵਾਨਾਂ ਦੁਆਲੇ ਰਹਿੰਦੇ। ਵੱਖ ਵੱਖ ਸੂਬਿਆਂ ਦੀਆਂ ਟੀਮਾਂ ਦੇ ਮੁਕਾਬਲੇ ਹੋਏ, ਮਗਰ ਇਨ੍ਹਾਂ ਪਹਿਲਵਾਨਾਂ ਸਾਮ੍ਹਣੇ ਕੋਈ ਦਮ ਨਾ ਮਾਰ ਸਕਿਆ। ਸਾਰਿਆਂ ਮੂੰਹੀਂ ਝੱਗ ਛੁਡਾ ਦਿੱਤੀ। ਆਖ਼ਿਰ ਭਾਰਤ ਦੀਆਂ ਸਾਰੀਆਂ ਟੀਮਾਂ ਨੂੰ ਜਿੱਤ ਕੇ ਫਾਈਨਲ ਵਿਚ ਪੁੱਜ ਗਏ। ਜੱਜਾਂ ਨੇ ਫੈਸਲਾ ਕੀਤਾ ਕਿ ਲੁਧਿਆਣੇ ਦੀ ਟੀਮ ਨਾਲ ਸਾਰੇ ਸੂਬੇ ਦੇ ਚੋਣਵੇਂ ਜਵਾਨਾਂ ਨਾਲ ਮੁਕਾਬਲਾ ਕਰਾਇਆ ਜਾਵੇ। ਉਹ ਵੀ ਗਿਣਤੀ ਵਿਚ ਇਨ੍ਹਾਂ ਨਾਲੋਂ ਦੂਣੇ ਤੇ ਨਾਲ ਹੀ ਉਹ ਜਵਾਨ ਕਿੱਲਾਂ ਵਾਲੇ ਬੂਟ ਵੀ ਪਾ ਸਕਦੇ ਸਨ। ਇਸ ਮੁਕਾਬਲੇ ਨੂੰ ਤੱਕਣ ਵਾਸਤੇ ਮੁਲਖਈਆ ਟੁੱਟ ਪਿਆ। ਕਿਤੇ ਤਿਲ ਧਰਨ ਨੂੰ ਥਾਂ ਨ ਮਿਲੇ। ਰੰਗ-ਬਰੰਗੀਆਂ ਪੱਗਾਂ ਦਾ ਸਮੁੰਦਰ ਠਾਠਾਂ ਮਾਰੇ। ਦੁਆਲੇ ਪੁਲਿਸ ਘੋੜ ਸਵਾਰ ਫ਼ੌਜੀ ਪ੍ਰਬੰਧ ਵਿਚ ਜੁੱਟੇ ਸਨ। ਇਕ ਪਾਸੇ ਖ਼ਾਕੀ ਵਰਦੀਆਂ ਤੇ ਕਿੱਲਾਂ ਵਾਲੇ ਬੂਟਾਂ ਨਾਲ ਬੱਕਰਾ ਬੱਕਰਾ ਖਾਣ ਵਾਲੇ ਫ਼ੌਜੀ ਤੇ ਦੂਜੇ ਬੰਨੇ ਦੁੱਧ-ਚਿੱਟੇ ਖੱਦਰ ਦੀਆਂ ਬਾਹੀਂ ਵਾਲੀਆਂ ਕੁੜਤੀਆਂ, ਤੇੜ ਕਛਹਿਰੇ, ਪੈਰੋਂ ਨੰਗੇ, ਸਿਰਾਂ ਤੇ ਪਰਨੇ, ਘਿਉ ਬਾਦਾਮਾਂ ਦੇ ਪੱਲੇ ਅਰਦਾਸਾ ਸੋਧ ਸਤਿ ਸ੍ਰੀ ਅਕਾਲ ਦਾ ਜੈਕਾਰਾ ਬੁਲਾ, ਮੈਦਾਨ ਵਿਚ ਨਿਕਲੇ। ਜਵਾਨਾਂ ਪੋਜ਼ੀਸ਼ਨਾਂ ਲਈਆਂ ਪਹਿਲੇ ਨੰਬਰ ਤੇ ਨਾਰਾਇਣ ਸਿੰਘ ਲੰਮਾ, ਲਾਲ ਸਿੰਘ ਬੀ.ਡੀ. ਤੇ ਨਾਰਾਇਣ ਸਿੰਘ ਮੋਟਾ ਸਨ ਜੱਜ ਆਏ। ਰਸੇ ਦਾ ਮੱਧ ਕਾਇਮ ਕੀਤਾ ਗਿਆ। ਵੰਨ, ਟੂ, ਥਰੀ ਕਹਿ ਪਿਛਾਂਹ ਹੱਟੇ। ਜਵਾਨਾਂ ਇੱਕ ਦਮ ਝਟਕਾ ਮਾਰਿਆ, ਵਿਰੋਧੀਆਂ ਰੱਸਾ ਬੰਨ੍ਹ ਲਿਆ ਇਹ ਵੀ ਪੈਰਾਂ ਤੇ ਪੱਕੇ ਹੋ ਗਏ। ਅੱਧਾ ਘੰਟਾ ਖਿਚਾਈ ਹੁੰਦੀ ਰਹੀ। ਕਦੇ ਉਹ ਇਕ ਕਦਮ ਆਪਣੇ ਪਾਸੇ ਖਿੱਚ ਲੈ ਜਾਂਦੇ, ਕਦੇ ਇਹ ਆਪਣੇ ਪਾਸੇ ਖਿੱਚ ਲੈ ਆਉਂਦੇ ਜਵਾਨ ਮੁੜਕੋ ਮੁੜਕਾ ਹੋ ਗਏ। ਹੁਣ ਫ਼ੌਜੀਆਂ ਨੂੰ ਕੋਈ ਰਾਹ ਨਾ ਲੱਭਾ ਉਨ੍ਹਾਂ ਬੂਟਾਂ ਦੇ ਕਿਲ ਧਰਤੀ ਵਿਚ ਗਡ ਦਿੱਤੇ। ਪਰ ਫੇਰ ਵੀ ਚਾਰ ਜਵਾਨ ਮੁਕਾਬਲੇ

ਦੇ ਬੇਹੋਸ਼ ਹੋ ਡਿੱਗੇ। ਇਧਰ ਰੱਸੇ ਦੀ ਘਸਰ ਨਾਲ ਬਿਸ਼ਨ ਸਿੰਘ ਦਾ ਪੱਟ ਵਢਿਆ ਗਿਆ, ਪਰ ਭੋਲਾ ਸਿੰਘ ਫੁਰਤੀ ਨਾਲ ਪਿੱਛੋਂ ਦੀ ਆ ਕੇ ਮਿਲ ਕੇ ਅਕਾਲ ਦਾ ਜੈਕਾਰਾ ਛਡਿਆ ਤੇ ਪੂਰਾ ਤਾਣ ਲਾਇਆ। ਫ਼ੌਜੀਆਂ ਦੇ ਪੈਰ ਉਖੜ ਗਏ। ਹੁਣ ਇਨ੍ਹਾਂ ਢਿੱਲ ਨਾ ਵਿਖਾਈ ਧਰੂੰਦੇ ਗਏ, ਧਰੂੰਦੇ ਗਏ ਤੇ ਫ਼ੌਜੀ ਧਰਤੀ ਨੂੰ ਕਿੱਲਾਂ ਨਾਲ ਮਗਰ ਮਗਰ ਇਉਂ ਪੁਟਦੇ ਆਏ ਜਿਵੇਂ ਟ੍ਰੈਕਟਰ ਮਗਰ ਪਲਾਊ ਹਲਾਊ ਹਲ ਪਾੜਦੀ ਆਉਂਦੀ ਏ। ਸਭ ਪਾਸਿਉਂ ਬਲੇ ਬਲੇ ਹੋ ਗਈ। ਸਾਥੀਆਂ ਆਕਾਸ਼ ਕੰਬਾਊ ਜੈਕਾਰੇ ਛਡੇ। ਸਾਰੇ ਦੇਸ਼ ਦੇ ਪਹਿਲਵਾਨਾਂ ਇਨ੍ਹਾਂ ਦਾ ਲੋਹਾ ਮੰਨਿਆ।

ਆਖ਼ਰੀ ਜਸ਼ਨ ਸਮੇਂ ਤਾਜ ਨੂੰ ਤੋਪਾਂ ਦੀ ਸਲਾਮੀ ਦਿੱਤੀ ਗਈ ਹਰ ਰਿਆਸਤ ਦੇ ਰਾਜੇ-ਮਹਾਰਾਜੇ ਨੇ ਵਫ਼ਾਦਾਰੀ ਦੀ ਸਹੁੰ ਲਈ। ਪਹਿਲੇ ਦਰਜੇ ਤੇ ਆਈਆਂ ਟੀਮਾਂ ਤੇ ਕਲਾਕਾਰਾਂ ਨੂੰ ਇਨਾਮ ਦਿੱਤੇ ਗਏ। ਇਸ ਗੁਰੂ ਦੀ ਟੀਮ ਦੇ ਪਹਿਲਵਾਨਾਂ ਨੂੰ ਇਕ ਮੁਰੱਬਾ ਇਨਾਮ ਦਾ ਐਲਾਨ ਹੋਇਆ ਇਨ੍ਹਾਂ ਧਰਮੀ ਪਹਿਲਵਾਨਾਂ ਸਿੱਖ ਕੌਮ ਤੇ ਪੰਜਾਬ ਦੀ ਧਰਤੀ ਨੂੰ ਚਾਰ ਚੰਨ ਲਾਏ।

ਸੁਰਜਨ ਸਿੰਘ, ਆਸਾ ਸਿੰਘ,
ਗੁਰਬਖਸ਼ ਸਿੰਘ

ਕਦਰਦਾਨ

"ਬਾਪੂ।"
"ਪੁੱਤ।"
"ਆਹ ਕੀ?"
"ਕਾਗ਼ਜ਼।"
"ਕਹਿ ਕਾਗ਼ਜ਼? ਕਾਗ਼ਜ਼ ਨਾ ਹੋ ਗਏ ਗਿੱਦੜਸਿੰਗੀ ਹੋ ਗਈ।"

"ਆਹੋ ਪੁੱਤ ਕਿਸੇ ਵੇਲੇ ਗਿੱਦੜਸਿੰਗੀ ਸੀ, ਹੁਣ ਤਾਂ ਕੇਵਲ ਬਚਨ ਹੈ, ਗੁਰੂ ਕਾ ਬਚਨ" "ਬਚਨ ਕੀ ਕੁਝ ਸਮਝ ਨਹੀਂ ਆ ਰਹੀ ਤੇਰੀਆਂ ਬੁਝਾਰਤਾਂ ਦੀ।" ਸੰਤ ਮੱਘਰ ਸਿੰਘ ਨੇ ਆਪਣੇ ਪਿਤਾ ਨੂੰ ਕਿਹਾ।

"ਪੁੱਤ ਤੂੰ ਕੀ ਲੈਣਾ ਏ ਪੁੱਛ ਪੁਛਾ ਕੇ, ਚੰਗਾ ਹੁੰਦਾ ਏ ਢੱਕੀ ਰਿਝੇ ਕੋਈ ਨਾ ਬੁਝੇ। ਬੀਤੀਆਂ ਗੱਲਾਂ ਮਿੱਠੀਆਂ ਤਾਂ ਭਾਵੇਂ ਲੱਗਣ ਪਰ ਕਈ ਵਾਰੀ ਪਿੱਛੋਂ ਪਛਤਾਵਾ ਛੱਡ ਜਾਂਦੀਆਂ ਹਨ, ਤੂੰ ਕੀ ਲੈਣਾ ਏਂ ਇਸ ਝੇੜੇ ਤੋਂ।"

"ਨਹੀਂ ਬਾਪੂ, ਭਾਵੇਂ ਲੈਣਾ ਦੇਣਾ ਕੁਝ ਨਹੀਂ, ਫੇਰ ਵੀ ਗੱਲ ਦਾ ਪਤਾ ਹੋਣਾ ਚੰਗਾ ਹੁੰਦਾ ਏ।" ਨੌਜਵਾਨ ਨੇ ਜ਼ਰਾ ਠਰ੍ਹੰਮੇ ਨਾਲ ਕਿਹਾ। "ਲੈ ਮੇਰੇ ਵਲ ਵੇਖ, ਮੈਂ ਵੀਹਾਂ-ਪੰਝੀਆਂ ਵਰ੍ਹਿਆਂ ਦਾ ਸਾਂ। ਸਤਿਗੁਰਾਂ ਦੀ ਮਿਹਰ ਸੀ। ਘਰ ਵਿਚ ਲਵੇਰਾ ਸੀ, ਦੁੱਧ ਮੱਖਣ ਛਕਦੇ ਸਾਂ। ਕੋਈ ਵੈਲ ਨਹੀਂ ਸੀ। ਦੇਹ ਬਣੀ ਹੋਈ ਸੀ, ਜੀ ਕਰੇ ਤਾਂ ਹਾਥੀ ਨੂੰ ਕੰਨੋਂ ਧੂ ਸਕਦਾ ਸਾਂ। ਤੂੰ ਅੱਜ-ਕੱਲ੍ਹ ਦੇ ਪੋਚ ਵਲ ਨਾ ਵੇਖ, ਲੋਕਾਂ ਨੂੰ ਸ਼ੌਕ ਨਹੀਂ ਰਿਹਾ। ਮੱਝਾਂ ਗਊਆਂ ਘਰੀਂ ਹੁੰਦੀਆਂ ਹਨ, ਮਗਰ ਦੁੱਧ ਹੋਰ ਪੀਂਦੇ ਹਨ। ਕੇਵਲ ਗੋਹਾ ਆਪ ਸਾਂਭਦੇ ਹਨ। ਨਵੀਂ ਪਨੀਰੀ ਵਲ ਵੇਖਣ ਨੂੰ ਚਿੱਤ ਨਹੀਂ ਕਰਦਾ। ਹੜਬਾਂ ਅੰਦਰ ਵੜੀਆਂ ਹੋਈਆਂ ਹਨ। ਅੱਖਾਂ ਵਿਚ ਜੋਤ ਨਹੀਂ, ਫੈਲ ਸੂਫ਼ੀਆਂ ਵੱਧ ਗਈਆਂ ਹਨ। ਵੈਲ ਬਹੁਤ ਵੱਧ ਗਏ ਹਨ। ਪੰਝੀ ਵਰ੍ਹਿਆਂ ਤਕ ਜਵਾਨੀ ਦਾ ਭੋਗ ਪੈ ਜਾਂਦਾ ਹੈ। ਲੱਕ ਪੀੜ, ਲੱਕ ਦੁਆਲੇ ਵਲਾਵੇਂ ਮਾਰ ਲੈਂਦੀ ਹੈ ਤੇ ਖਸਮਾਂ ਨੂੰ ਖਾਣੀ ਸਿਰ ਪੀੜ ਸਿਰਹਾਣਾ ਮੱਲ ਬਹਿੰਦੀ ਹੈ। ਡਾਕਟਰਾਂ ਤੇ ਹਕੀਮਾਂ ਅੱਗੋਂ ਫਾਹੀਆਂ ਗਡੀਆਂ ਹੋਈਆਂ ਹਨ। ਆਉਂਦੇ ਜਾਓ ਫਸਦੇ ਜਾਓ।"

"ਬਾਪੂ ਤੂੰ ਮੇਰੇ ਵਲ ਵੇਖ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਿਹਰ ਹੈ। ਮੈਨੂੰ ਨਿੱਕਾ ਜਿਹਾ ਨਾ ਤੱਕੀਂ। ਮੈਂ ਪਲਾਂ ਵਿਚ ਮੀਲ ਮੁਕਾ ਲੈਂਦਾ ਹਾਂ। ਜਦ ਗੁਰੂ ਹਰੀ ਸਿੰਘ ਜੀ ਦੌਰੇ ਚੜ੍ਹਿਆ ਕਰਦੇ ਸਨ ਤਾਂ ਮੈਂ ਮੂਹਰੇ ਮੂਹਰੇ ਝੰਡਾ ਚੁੱਕ ਦੌੜਿਆ ਕਰਦਾ ਸਾਂ।"

"ਸ਼ਾਬਾਸ਼ੇ ਪੁੱਤ! ਸ਼ਾਬਾਸ਼ੇ!! ਤੂੰ ਬੜਾ ਭਾਗਾਂ ਵਾਲਾ ਏਂ! ਤੂੰ ਸਤਿਗੁਰਾਂ ਦੀ ਸੰਗਤ ਵਿਚ ਚਲਾ ਗਿਓਂ। ਸਤਿਗੁਰਾਂ ਨੂੰ ਤਾਂ ਭਾਵੇਂ ਕੋਈ ਲੋੜ ਨਹੀਂ, ਉਹ ਆਪ ਕਸਰਤ ਕਰਦੇ ਹਨ, ਹਾਣੀਆਂ ਪਾਸੋਂ ਨਾਲੇ ਨਾਮ ਜਪਾਂਦੇ ਹਨ, ਨਾਲੇ ਕਸਰਤ ਕਰਾਂਦੇ ਹਨ।

ਦੂਜਿਆਂ ਨੂੰ ਸਰੀਰ ਸਾਂਭਣ ਦੀ ਜਾਚ ਦੱਸਦੇ ਹਨ। ਕਈ ਬੁੱਢਿਆਂ ਠੇਰਿਆਂ ਤੋਂ ਸੁਣਿਆ ਹੈ ਕਿ ਨਰੋਏ ਸਰੀਰ ਵਿਚ ਹੀ ਨਰੋਏ ਦਿਮਾਗ਼ ਹੁੰਦੇ ਹਨ।"

"ਅੱਗੇ ਲੋਕ ਗਾਜਰ ਮੂਲੀ ਖਾ ਕੇ ਢਿੱਡ ਭਰ ਲੈਂਦੇ ਸਨ। ਸਰ੍ਹੋਂ ਦਾ ਸਾਗ ਤੇ ਕਾਠੇ ਦੀ ਰਹੁ ਮਨ ਭਾਉਂਦੀ ਖੁਰਾਕ ਸੀ। ਮੋਟਾ ਖਾਂਦੇ ਤੇ ਖੁੱਲ੍ਹਾ ਪਹਿਨਦੇ ਸਨ। ਕੌਡੀ ਖੇਡਦੇ ਸਨ। ਮੁਗਦਰ ਚੁੱਕਦੇ ਸਨ। ਝਿੰਝਾਂ ਪੈਂਦੀਆਂ ਸਨ। ਮਗਰ ਦਿਲ ਵਿਚ ਰੱਬ ਦਾ ਭਉ ਵੀ ਰਖਦੇ ਸਨ। ਭਜਨ ਬਾਣੀ ਕਰਦੇ ਸਨ। ਮੁਸਲਮਾਨ ਅੱਲਾ ਅੱਲਾ ਤੇ ਹਿੰਦੂ ਰਾਮ ਰਾਮ ਕਰਦੇ ਸਨ। ਵਰ੍ਹਿਆਂ ਬੱਧੀ ਗ੍ਰਹਿਸਤ ਨਹੀਂ ਭੋਗਦੇ ਸਨ। ਪੁੱਤ ਅੱਜ-ਕੱਲ੍ਹ ਤਾਂ, ਕੱਲ੍ਹ ਜੰਮੀ ਗਿੱਦੜੀ ਤੇ ਅੱਜ ਉਹਦਾ ਵਿਆਹ। ਕੋਈ ਸੰਜਮ ਨਹੀਂ। ਫਿਰ ਲੋਕਾਂ 'ਚ ਪਿਆਰ ਨਹੀਂ। ਅਵਲ ਤਾਂ ਮਿਲ ਕੇ ਬਹਿਣਾ ਨਹੀਂ। ਜੇ ਕਾਰੇ ਖ਼ੁਦਾ ਮਿਲ ਕੇ ਬਹਿ ਗਏ ਤਾਂ ਜ਼ਿਦ ਬਾਜ਼ੀਆਂ ਤੂੰ ਤੂੰ ਮੈਂ ਮੈਂ ਹੋ ਜਾਵੇਗੀ। ਸਿਰ ਪਾਟਣਗੇ, ਖ਼ੂਨ ਖ਼ਰਾਬਾ ਹੋਵੇਗਾ, ਥਾਣੇ ਕਚਹਿਰੀਆਂ ਵਿਚ ਖੱਜਲ ਖਰਾਬ ਹੋਣਗੇ। ਮੁਨਸ਼ੀਆਂ ਤੇ ਵਕੀਲਾਂ ਦੇ ਘਰ ਭਰਨਗੇ।"

"ਪੁੱਤ! ਸਾਡੇ ਵੇਲੇ ਇਹ ਗੱਲਾਂ ਨਹੀਂ ਸਨ। ਸਤਿਗੁਰੂ ਰਾਮ ਸਿੰਘ ਜੀ ਦੀ ਮਿਹਰ ਦਾ ਸਦਕਾ ਮੈਂ ਹਾਣੀਆਂ ਨਾਲੋਂ ਸਿਰ ਕੱਢਦਾ ਸਾਂ। ਆਲਸ ਲਾਗੇ ਨਹੀਂ ਸੀ। ਦਿਨ ਵਿਚ ਸੌ ਕੰਮ ਸਵਾਰਦਾ ਸੀ। ਘਰ ਦਾ ਪੱਠਾ ਦੱਥਾ ਕਰਦਾ ਸਾਂ। ਗਲੀ ਗੁਆਂਢ ਦੀ ਬੁੱਤੀ ਸਾਰਦਾ ਸਾਂ। ਨਾਂਹ ਮੈਂ ਸਿਖਿਆਂ ਹੀ ਨਹੀਂ। ਇਕ ਦਿਨ ਭਜਨ ਬਾਣੀ ਤੋਂ ਵਿਹਲਾ ਹੋ ਸਵੇਰ ਸਾਰ ਕਮਾਦ ਵਲ ਗੇੜਾ ਮਾਰਨ ਗਿਆ। ਅੱਗੇ ਕੀ ਵੇਖਿਆ। ਇਕ ਲੰਮਾ ਚੌੜਾ ਗੋਰਾ, ਗੇਲੀ ਵਰਗਾ ਜਵਾਨ ਡਿੱਗਾ ਪਿਆ ਤਕਿਆ, ਟੋਪ ਕਿਤੇ, ਸੋਟੀ ਕਿਤੇ, ਮੂੰਹ ਨੱਕ ਘੱਟੇ ਨਾਲ ਭਰਿਆ, ਬੇਹੋਸ਼, ਹੱਥ ਸੁੰਨ ਹੋਏ ਪਏ ਤੇ ਘੋੜਾ ਆਲੇ ਦੁਆਲੇ ਚੱਕਰ ਲਾ ਰਿਹਾ ਸੀ।"

"ਪੁੱਤ ਇਹ ਉਹਨਾਂ ਦਿਨਾਂ ਦੀ ਵਾਰਤਾ ਏ, ਜਦ ਸਤਿਗੁਰਾਂ ਨੂੰ ਪਰਦੇਸ ਗਿਆਂ ਅਜੇ ਦੋ ਕੁ ਸਾਲ ਹੋਏ ਸਨ। ਕੂਕਿਆਂ ਦਾ ਭੈ ਬਿਲਿਆਂ ਤੇ ਇਉਂ ਛਾਇਆ ਹੋਇਆ ਸੀ ਜਿਵੇਂ ਸੂਰਜ ਚੰਦਰਮਾਂ ਰਾਹੂ ਕੇਤੂ ਤੋਂ ਭੈ ਖਾਂਦੇ ਹਨ। ਥਾਂ ਥਾਂ ਫ਼ੌਜਾਂ ਬੈਠੀਆਂ ਸਨ। ਜਲੰਧਰ ਲੁਧਿਆਣਾ ਖੰਨਾ ਆਦਿ ਛਾਉਣੀਆਂ ਬਣੀਆਂ ਪਈਆਂ ਸੀ। ਵੱਡੇ ਵੱਡੇ ਫ਼ੌਜੀ ਅਫ਼ਸਰ ਦੌਰਿਆਂ ਤੇ ਰਹਿੰਦੇ ਸਨ। ਮੈਂ ਗੋਰੇ ਨੂੰ ਵੇਖ ਹੈਰਾਨ ਜਿਹਾ ਹੋ ਗਿਆ। ਪਹਿਲਾਂ ਤਾਂ ਰਵਾਂ ਰਵੀਂ ਅੱਗੇ ਨਿਕਲ ਚਲਿਆ ਕਿ ਦੁਸ਼ਟ ਮਰਦ ਏ ਤੇ ਮਰੇ, ਮਗਰ ਅੰਦਰਲਾ ਪੰਘਰ ਗਿਆ। ਅਵਾਜ਼ ਆਈ। 'ਨਿਹਾਲ ਸਿੰਘ! ਗੁਰੂ ਦੇ ਸਿੱਖਾਂ ਦਾ ਇਹ ਕੰਮ ਨਹੀਂ, ਸਤਿਗੁਰੂ ਦਾ ਹੁਕਮ ਹੈ ਸੇਵਾ ਸਭ ਦੀ ਕਰਨੀ ਭਾਵੇਂ ਚੋਰ ਹੋਵੇ। ਚੋਰ ਨੂੰ ਚੋਰੀ ਦਾ ਫਲ, ਸੇਵਕ ਨੂੰ ਸੇਵਾ ਦਾ ਫਲ, (ਉਹ ਗੋਰਾ ਏ ਤਾਂ ਕੀ ਉਹ ਮੰਦਾ ਕੀਤਾ, ਉਸ ਨੂੰ ਮੰਦਾ ਫਲ) ਤੂੰ ਚੰਗਾ ਕਰੇਂਗਾ, ਚੰਗਾ ਫਲ। ਅਵਲ ਨੇਕੀ ਤਾਂ ਉਹ ਹੈ, ਜਿਹੜੀ ਨਿਸ਼ਕਾਮ ਕੀਤੀ ਜਾਵੇ। ਗੁਰੂ ਦਾ ਘਰ ਤਾਂ ਸਿੱਖਾਂ ਦਾ ਹੀ ਇਹ ਹੈ:-

ਬੁਰਿਆਂ ਨਾਲ ਸਭ ਬੁਰਾ ਕਮਾਂਦੇ,
ਮਾਫ਼ ਕਰਨ ਕਈ ਸਿਆਣੇ,

ਬੁਰਿਆਂ ਨਾਲ ਫਿਰ ਨੇਕੀ ਕਰਨੀ,
ਇਹ ਗੁਰੂ ਨਾਨਕ ਜਾਣੇ।

ਪਰ ਸਤਿਗੁਰ ਤਾਂ ਸਭ ਦਾ ਭਲਾ ਚਾਹੁੰਦੇ ਹਨ। ਉਹ ਬਿਲਿਆਂ ਦਾ ਰਾਜ ਨਹੀਂ ਸਨ ਚਾਹੁੰਦੇ, ਮਗਰ ਬਿਲਿਆ ਦਾ ਬੁਰਾ ਵੀ ਨਹੀਂ ਸਨ ਲੋਚਦੇ। ਉਸ ਵੇਲੇ ਫ਼ਰੀਦ ਜੀ ਦਾ ਬਚਨ ਵੀ ਸਾਹਮਣੇ ਆ ਖਲੋਤਾ:-

ਫਰੀਦ ਬੁਰੇ ਦਾ ਭਲਾ ਕਰ,
ਗੁਸਾ ਮਨ ਨਾ ਹੰਢਾਏ।
ਦੇਹੀ ਰੋਗ ਨ ਲਗਈ,
ਪਲੈ ਸਭ ਕਿਛ ਪਾਇ।

ਮੈਂ ਅੱਗੇ ਵਧਿਆ, ਸਿਰੋਂ ਪਰਨਾ ਲਾਹਿਆ, ਉਸਦਾ ਮੂੰਹ ਪੂੰਝਿਆ, ਉਸ ਨੂੰ ਪਿੱਠ ਤੇ ਚੁੱਕ ਲਿਆ ਤੇ ਘਰ ਲੈ ਆਂਦਾ। ਕਤੀੜ ਵਾਧਾ ਕੱਠਾ ਹੋ ਗਿਆ। ਸਭ ਅੱਗੇ ਹੱਥ ਜੋੜੇ, ਉਹਨਾਂ ਨੂੰ ਘਰੋ ਘਰੀ ਟੋਰਿਆ ਤੇ ਆਪ ਉਸ ਲਈ ਅੰਦਰ ਮੰਜਾ ਡਾਹਿਆ। ਕੋਲ ਅੱਗ ਬਾਲੀ, ਉਪਰ ਲੇਫ ਦਿੱਤਾ, ਗਰਮਾ ਗਰਮ ਦੁੱਧ ਘਿਉ ਮੂੰਹ ਵਿਚ ਪਾਇਆ। ਅੱਧ ਪਹਿਰ ਪਿੱਛੋਂ ਸਾਹਿਬ ਨੇ ਅੱਖ ਪੁੱਟੀ। ਉਠਿਆ ਤੇ ਠੰਠਬਰਿਆ ਹੋਇਆ ਬੋਲਿਆ, ਮੈਂ ਕਹਾਂ ਹੂੰ?' ਮੈਂ ਮੰਜੇ ਦੇ ਲਾਗੇ ਗਿਆ ਤੇ ਕਿਹਾ ਸਾਹਬ! ਇਹ ਗੁਰੂ ਰਾਮ ਸਿੰਘ ਦਾ ਘਰ ਹੈ। ਸਾਹਿਬ ਨੇ ਮੇਰੀ ਸਿੱਧੀ ਪੱਗ ਵੇਖੀ, ਮੇਰੀ ਮਾਲਾ ਵਲ ਤਕਿਆ ਤੇ ਗੁਰੂ ਰਾਮ ਸਿੰਘ ਦਾ ਨਾਉਂ ਸੁਣ ਇਉਂ ਤਰੱਬਕ ਉਠਿਆ ਜਿਉਂ ਭੁਚਾਲ ਆਉਣ ਨਾਲ ਪੁਰਸ਼ ਕੰਬ ਉਠਦਾ ਏ। ਉਹਦੀ ਖਾਨਿਓਂ ਗਈ ਅਤੇ ਰੁਕ ਰੁਕ ਦੇ ਬੋਲਿਆ; 'ਰਾਮ ਸਿੰਘ ਦਾ ਘਰ? ਰਾਜਾ ਰਾਮ ਸਿੰਘ ਕਾ? ਯੇਹ ਭੈਣੀ ਹੈ? ਮੈਂ ਕੈਦੀ ਹੂੰ'? ਮੈਂ ਕਿਹਾ, 'ਸਾਹਿਬ! ਤੂੰ ਕੈਦੀ ਨਹੀਂ, ਨ ਇਹ ਸ੍ਰੀ ਭੈਣੀ ਸਾਹਿਬ ਹੈ, ਇਹ ਅਲੋੜ ਹੈ, ਅਲੋੜ, ਖੰਨਿਓਂ ਦੋ ਮੀਲ, ਘਬਰਾ ਨਾ।

"ਰਾਜਾ ਰਾਮ ਸਿੰਘ ਬਾਗੀ ਥਾ। ਸਰਕਾਰ ਅੰਗਰੇਜ਼ੀ ਕਾ ਦੁਸ਼ਮਨ ਥਾ, ਤੁਮ ਭੀ ਉਸਕੇ ਸਿਖ, ਤੁਮ ਕੂਕੇ ਹੋ?"

"ਹਾਂ ਸਾਹਬ, ਧੰਨ ਭਾਗ ਜੇ ਉਹ ਸਿੱਖ ਬਣਾ ਲਵੇ, ਸਿੱਖ ਬਣਨਾ ਕੋਈ ਸੌਖਾ ਏ? ਕੂਕਾ ਬਣਨਾ ਬੜਾ ਮੁਸ਼ਕਲ।"

"ਉਸ ਨੇ ਗ਼ਦਰ ਕੀਆ, ਉਸਕੇ ਸਿਖੋਂ ਨੇ ਕਤਲ ਕੀਆ, ਖ਼ੂਨ ਕੀਆ। ਮੁਝੇ ਉਸਕੇ ਨਾਮ ਸੇ ਡਰ ਲਗਤਾ ਹੈ।"

"ਸਾਹਬ ਤੂੰ ਡਰ ਨ, ਤੈਨੂੰ ਐਵੇਂ ਵਹਿਮ ਹੈ, ਉਹ ਖ਼ੁਦਾ ਹੈ। ਉਹ ਖ਼ੁਦਾ ਦੀ ਬੰਦਗੀ ਕਰਵਾਣਾ ਚਾਹੁੰਦਾ ਹੈ। ਇਹ ਮੇਰੀ ਮਾਲਾ ਵੇਖ, ਉਸ ਇਹ ਬੰਦਗੀ ਵਾਸਤੇ ਬਖਸ਼ੀ ਏ। ਹਰ ਇਕ ਦੀ ਸੇਵਾ ਕਰਨ ਦਾ ਉਸਦਾ ਹੁਕਮ ਹੈ। ਭੁੱਖੇ ਨੂੰ ਰੋਟੀ ਨੰਗੇ ਨੂੰ ਕੱਪੜੇ ਦੇਣ ਦੀ ਉਸ ਪੱਕੀ ਕੀਤੀ। ਜਿਸ ਸ੍ਰੀ ਭੈਣੀ ਸਾਹਿਬ ਦੇ ਨਾਉਂ ਤੋਂ ਤੈਨੂੰ ਡਰ ਲੱਗਦਾ ਏ, ਉਹ ਤਾਂ ਸੁਰਗਾ ਪੁਰੀ ਏ। ਉੱਥੇ ਬੁੱਢੇ ਬਾਲੇ, ਮਰਦ ਜ਼ਨਾਨੇ, ਕਾਰ ਵਿਹਾਰ ਕਰਦੇ ਸਭ ਮਾਲੇ ਫੇਰਦੇ ਨੇ। ਓਥੇ ਗੁਰੂ ਕਾ ਲੰਗਰ ਅੱਠੇ ਪਹਿਰ ਰਹਿੰਦਾ ਏ। ਓਥੋਂ ਤਾਂ ਗਊ ਦੀ ਰੱਤ ਨਹੀਂ ਲਿਬੜੀ ਛੁਰੀ ਵਾਲੇ ਨੂੰ ਭੀ ਭੁੱਖਾ ਨਹੀਂ ਜਾਣ ਦਿੱਤਾ

ਜਾਂਦਾ। ਜਿਹੜਾ ਤੈਨੂੰ ਜਾਨ ਦਾ ਭੈ ਹੈ, ਉਹ ਦਿਲੋਂ ਦੂਰ ਕਰ ਦੇ। (ਹੁਣ ਉਹ ਗੋਰਾ ਉਠ ਕੇ ਤੇ ਬਹਿ ਗਿਆ)।

ਜੇ ਸਤਿਗੁਰੂ ਦਾ ਹੁਕਮ ਨਾ ਮੰਨਦਾ ਤਾਂ ਜਿਵੇਂ ਤੁਸਾਂ ਉਹਨਾਂ ਨੂੰ ਪਰਦੇਸ ਘਲਿਆ ਸੀ, ਤੈਨੂੰ ਉਥੇ ਹੀ ਪਾਰ ਬੁਲਾਂਦਾ। ਸਤਿਗੁਰਾਂ ਦਾ ਹੁਕਮ ਹੈ, ਸੇਵਾ ਸਭ ਦੀ ਕਰਨੀ। ਜੀ ਨਹੀਂ ਮਾਰਨਾ। ਗੁਰੂ ਰਾਮ ਸਿੰਘ ਦਾ ਸਿੱਖ ਹੋਰ ਤਾਂ ਹੋਰ ਰਿਹਾ, ਸੱਪ ਤਕ ਨਹੀਂ ਮਾਰਦਾ। ਐਵੇਂ ਅੰਗਰੇਜ਼ ਨੂੰ ਭੁਲੇਖਾ ਮਾਰ ਰਿਹਾ ਏ। ਉਹ ਤਾਂ ਚਾਹੁੰਦੇ ਹਨ, ਸਭ ਧਰਤੀ ਨਾਮ ਜਪੇ, ਦੁਖੀਆ ਕੋਈ ਰਹੇ ਹੀ ਨ। ਸਭ ਆਪਣੇ ਆਪਣੇ ਘਰ ਸੁਖੀ ਵੱਸਣ, ਤੁਸੀਂ ਆਪਣੇ ਘਰ ਰਾਜ਼ੀ ਰਹੋ, ਅਸੀਂ ਆਪਣੇ ਘਰ ਰਾਜ਼ੀ ਰਹੀਏ। ਬਸ ਏਨਾ ਤੁਹਾਡਾ ਸਾਡਾ ਝਗੜਾ ਹੈ।"

"ਤੁਮ ਤੋ ਬਹੁਤ ਅੱਛਾ ਲੋਗ ਹੈ, ਤੁਮ ਤੋ ਫ਼ਰਿਸ਼ਤਾ ਹੋ, ਤੁਮ ਬਤਾਓ ਮੈਂ ਯਹਾਂ ਕੈਸੇ ਆਇਆ।"

"ਸਾਹਬ ਤੂੰ ਡਿੱਗਾ ਪਿਆ ਸੈਂ, ਟੋਪੀ ਕਿਤੇ ਸੀ, ਤੇਰਾ ਮੂੰਹ ਮੱਥਾ ਲਿਬੜਿਆ ਪਿਆ ਸੀ। ਸ਼ਰਾਬ ਦੀ ਬੋ ਆ ਰਹੀ ਸੀ, ਘੋੜਾ ਆਲੇ ਦੁਆਲੇ ਗੇੜੇ ਕੱਢ ਰਿਹਾ ਸੀ। ਮੈਥੋਂ ਜਰਿਆ ਨ ਗਿਆ ਤੈਨੂੰ ਪਿੱਠ ਤੇ ਲੱਦ ਲਿਆ। ਘਰ ਲੈ ਆਂਦਾ। ਆਹ ਅੱਗ ਬਾਲੀ। ਦੁੱਧ ਘਿਓ ਪਿਲਾਇਆ। ਘੋੜਾ ਬਾਹਰ ਬੰਨ੍ਹ ਦਿੱਤਾ। ਸਤਿਗੁਰੂ ਰਾਮ ਸਿੰਘ ਜੀ ਦਾ ਲੱਖ ਲੱਖ ਸ਼ੁਕਰ ਹੈ ਜਿਨ੍ਹਾਂ ਤੈਨੂੰ ਪਰਾਣ ਬਖਸ਼ ਦਿੱਤੇ ਹਨ। ਮੇਰੀ ਵੀ ਇੱਜ਼ਤ ਬਚ ਗਈ, ਨਹੀਂ ਤਾਂ ਸਰਕਾਰੀ ਲੋਕਾਂ ਦਾ ਕੀ ਵਸਾਹ। ਕਈ ਵਾਰੀ ਲੈਣੇ ਦੇ ਦੇਣੇ ਪੈ ਜਾਂਦੇ ਹਨ। ਖਿਲਾਣ ਪਿਲਾਣ ਦਾ ਨਾਂ ਨਹੀਂ ਹੁੰਦਾ ਤੇ ਰੁਲਾਣ ਦਾ ਉਲਟਾ ਅਲਜ਼ਾਮ ਲਗ ਜਾਂਦਾ ਹੈ। ਚੰਗਾ ਸਾਹਬ, ਆਹ ਲਓ ਰੁਖਾ ਮਿਸ ਪ੍ਰਸ਼ਾਦਾ।" ਸਾਹਬ ਪਰੌਂਠੇ ਖਾ ਡਕਾਰ ਮਾਰਿਆ ਤੇ ਬੜਾ ਰਾਜ਼ੀ ਹੋਇਆ। ਆਪਣੀ ਫ਼ੋਟੋ ਤੇ ਇਕ ਚਿੱਠੀ ਦੇਂਦਿਆਂ ਕਿਹਾ, 'ਯੇਹ ਟੋ ਹਜ਼ਰਤ ਈਸਾ ਕਾ ਘਰ ਹੈ। ਟੁਮ ਬਹੁਤ ਅੱਛਾ ਲੋਗ ਹੈ। ਮੈਂ ਟੁਮਹਾਰਾ ਬਹੁਤ ਬਹੁਤ ਮਸ਼ਕੂਰ ਹੂੰ। ਤੁਮ ਖੰਨੇ ਮੇਰੇ ਦਫ਼ਤਰ ਮੈਂ ਆਨਾ।' ਇਹ ਕਹਿ ਸਾਹਬ ਘੋੜੇ ਤੇ ਸਵਾਰ ਹੋ ਖੰਨੇ ਦਾ ਰਾਹ ਫੜਿਆ।

ਤੁਰਨ ਵੇਲੇ ਸਾਹਬ ਘੜੀ ਘੜੀ ਕਹਿ ਰਿਹਾ ਸੀ। ਵਾਂਧਕ ਲਗਦਿਆਂ ਹੀ ਮੈਂ ਓਥੇ ਗਿਆ ਜਿੱਥੇ ਸਾਹਿਬ ਡਿੱਗਾ ਪਿਆ ਸੀ। ਦੇਵਨੇਤ ਉਹ ਘੁੱਗੀ ਜਹੀ ਵੀ ਮੈਨੂੰ ਲਭ ਪਈ, ਜਿੱਥੇ ਸਾਹਬ ਡਿੱਗਾ ਪਿਆ ਸੀ। ਤੀਜੇ ਦਿਨ ਮੈਂ ਉਹ ਘੁੱਗੀ ਫੜੀ, ਦੋ ਚਾਰ ਮੇਲੀਆਂ ਗੇਲੀਆਂ ਨੂੰ ਨਾਲ ਲਿਆ ਤੇ ਖੰਨੇ ਪੁੱਜ ਗਿਆ। ਅੱਗੇ ਚੀਕ ਚਿਹਾੜਾ ਮਚਿਆ ਹੋਇਆ ਸੀ। ਮੋਢੇ ਨਾਲ ਮੋਢਾ ਜੋੜ ਬੰਦਿਆਂ ਦੀ ਤਫ਼ਤੀਸ਼ ਹੋ ਰਹੀ ਸੀ। ਪਿੰਡਾਂ ਦੇ ਨੰਬਰਦਾਰ ਤੇ ਚੌਂਕੀਦਾਰਾਂ ਨੂੰ ਕਾਬੂ ਕੀਤਾ ਹੋਇਆ ਸੀ ਤੇ ਸਾਹਬ ਕਹਿ ਰਿਹਾ ਸੀ 'ਹਮਾਰਾ ਘੜੀ ਗੁੰਮ ਹੋ ਗਿਆ, ਜਾਓ ਢੂੰਢ ਕਰ ਲਾਓ।' ਬਾਰ੍ਹਾਂ ਪਿੰਡਾਂ ਦੇ ਵਗਾਰੀ ਫੜੇ ਹੋਏ ਸਨ। ਲੱਗੇ ਰਾਹਾਂ ਦਾ ਘੱਟਾ ਛਾਨਣੇ 'ਹੁਕਮੇ ਹਾਕਮ ਮਰਗੇ ਮੁਰਾਜਾਤ'। ਸਿਰ ਮੱਥੇ ਤੇ ਰੱਖ ਕੋਈ ਏਧਰ ਭੱਜ ਰਿਹਾ ਸੀ ਕੋਈ ਓਧਰ ਦੌੜ ਰਿਹਾ ਸੀ। 'ਅੰਨੇ ਕੁੱਤੇ ਹਰਨਾ ਦੇ ਸ਼ਿਕਾਰੀ' ਵਾਲੀ ਗੱਲ ਬਣੀ ਹੋਈ ਸੀ। ਅਸੀਂ ਰਵਾਂ ਰਵੀਂ ਅੱਗੇ ਚਲੇ ਗਏ। ਫਿਰ ਦੋ ਫ਼ੌਜੀਆਂ ਨੂੰ ਪੁੱਛਿਆ, ਉਹਨਾਂ ਕਿਹਾ ਕੀ ਗੱਲ ਏ? ਅਸਾਂ ਕਿਹਾ,

ਸਾਹਬ ਨੂੰ ਮਿਲਣਾ ਏ। 'ਆਹ ਮੂੰਹ ਤੇ ਮਸਰਾਂ ਦੀ ਦਾਲ, ਸਾਹਬ ਨੂੰ ਮਿਲਣਾ ਏਂ ਤੇ ਮਿਲਣ ਵਾਲੇ ਬਣ ਕੇ ਤੇ ਆਓ।' ਸਾਨੂੰ ਡਰਾਣ ਧਮਕਾਣ ਲੱਗੇ ਤੇ ਘੜੀ ਲੈਣ ਦਾ ਯਤਨ ਕੀਤਾ। ਮਗਰ ਅਸੀਂ ਉਹਨਾਂ ਦੇ ਝਾਂਸੇ ਵਿਚ ਨਾ ਆਏ। ਤੰਬੂ ਲਾਗੇ ਪੁੱਜ ਗਏ। ਅਰਦਲੀਏ ਤੇ ਹੋਰ ਮੁਨਸ਼ੀ ਮਸੱਦੀ ਲਾਗੇ ਨਹੀਂ ਸਨ ਲਗਣ ਦੇਂਦੇ, ਪਰ ਸਾਹਬ ਨੇ ਮੈਨੂੰ ਪਛਾਣ ਲਿਆ। ਇਕ ਫ਼ੌਜੀ ਨੂੰ ਕਿਹਾ, ਕਿ ਇਹਨਾਂ ਨੂੰ ਅੰਦਰ ਲੈ ਆਉ। ਉਹ ਫ਼ੌਜੀ ਸਾਨੂੰ ਸਾਹਬ ਦੇ ਤੰਬੂ ਵਿਚ ਲੈ ਗਿਆ। ਸਾਹਬ ਵੇਖਦਿਆਂ ਸਾਰ ਕੁਰਸੀ ਤੋਂ ਉਠ ਖਲੋਤਾ ਤੇ ਜੱਫੇ ਵਿਚ ਲੈ ਲਿਆ ਸਾਰੇ ਵੱਡੇ ਵਡੇ ਅਹਿਲਕਾਰ ਵੇਖ ਹੈਰਾਨ ਹੋ ਰਹੇ ਸਨ।

ਕੁਰਸੀ ਤੇ ਬਹਿੰਦਿਆਂ ਮੈਂ ਉਹ ਘੜੀ ਮੇਜ਼ ਤੇ ਰੱਖ ਦਿੱਤੀ। ਘੜੀ ਵਡਮੁੱਲੀ ਸੀ। ਸਾਹਬ ਦੀ ਹੈਰਾਨੀ ਦਾ ਹਦ ਬੰਨਾ ਨ ਰਿਹਾ। 'ਘੜੀ ਭੀ ਟੁਮ ਲੋਗ ਲੇ ਆਏ। ਸਾਹਬ ਤੇਰੀ ਘੜੀ ਨੇ ਮੈਨੂੰ ਸੌਣ ਨਹੀਂ ਦਿੱਤਾ। ਇਹ ਘੜੀ ਵੀ ਓਥੇ ਈ ਮਿਲ ਗਈ ਜਿੱਥੇ ਤੂੰ ਡਿੱਗਾ ਸੇਂ। ਦੋ ਰਾਤਾਂ ਨੀਂਦ ਨਹੀਂ ਪਈ। ਸੋਚਦਾ ਸਾਂ ਕਦ ਖੰਨੇ ਜਾਵਾਂ ਤੇ ਇਹ ਅਮਾਨਤ ਮੋੜਾਂ। ਗੁਰੂ ਜੀ ਦਾ ਹੁਕਮ ਕੰਨਾਂ ਵਿਚ ਗੂੰਜ ਰਿਹਾ ਸੀ:-

ਹਕ ਪਰਾਇਆ ਨਾਨਕਾ,
ਉਸ ਸੂਅਰ ਉਸ ਗਾਇ।
ਗੁਰਪੀਰ ਹਾਸਾ ਤਾਂ ਭਰੇ,
ਜਾਂ ਮਰਦਾਰ ਨ ਖਾਇ।

ਸਾਹਿਬ! ਸਤਿਗੁਰੂ ਰਾਮ ਸਿੰਘ ਜੀ ਦਾ ਬੜਾ ਸ਼ੁਕਰ ਹੈ, ਤੇਰੀ ਅਮਾਨਤ ਵਾਪਸ ਹੋਈ। ਨਹੀਂ ਤਾਂ ਇਸ ਭੜੂਏ ਮਨ ਦਾ ਕੋਈ ਪਤਾ ਨਹੀਂ ਲੱਗਦਾ ਕਿ ਕਦੋਂ ਥਿੜਕ ਜਾਏ। ਸਾਹਬ ਨੇ ਮੁੜ ਮੈਨੂੰ ਜੱਫੇ ਵਿਚ ਲੈ ਲਿਆ ਤੇ ਆਖੀ ਜਾਵੇ, 'ਨਿਹਾਲ ਸਿੰਘ! ਟੁਮ ਬਹੁਤ ਅਛਾ ਲੋਗ ਹੈ, ਟੁਮ ਬਹੁਤ ਇਮਾਨਦਾਰ ਹੋ, ਟੁਮ ਬਹੁਤ ਨੇਕ ਹੋ। ਟੁਮਹਾਰਾ ਗੁਰੂ ਭੀ ਬਹੁਤ ਅਛਾ ਹੋਗਾ, ਜੋ ਇਮਾਨਦਾਰੀ ਸਿਖਾਟਾ ਹੈ।'

ਇਹ ਕਹਿੰਦਿਆਂ ਦੋ ਲੰਮੀਆਂ ਚਿੱਠੀਆਂ ਲਿਖ ਮੇਰੇ ਹਵਾਲੇ ਕੀਤੀਆਂ ਤੇ ਕਿਹਾ, 'ਟੁਮ ਜਿਸ ਅਫ਼ਸਰ ਕੋ ਦਿਖਾਓਗੇ, ਵੁਹ ਟੁਮੇ ਬੜਾ ਇਨਾਮ ਦੇਗਾ।'

ਪੁੱਤ ਇਹ ਗਿੱਦੜ ਸਿੰਗੀ ਓਹੋ ਚਿੱਠੀਆਂ ਹਨ।

'ਇਕ ਵੇਰ ਇਹ ਕਾਗ਼ਜ਼ ਇਕ ਪੜ੍ਹੇ ਲਿਖੇ ਨੂੰ ਵਿਖਾਏ। ਉਸ ਕਿਹਾ ਤੂੰ ਵੱਡੇ ਭਾਗਾਂ ਵਾਲਾ ਹੈਂ। ਇਹਨਾਂ ਨੇ ਲੱਖ ਰੁਪਈਆ ਇਨਾਮ ਦਾ ਲਿਖਿਆ ਹੋਇਆ ਹੈ। ਮਗਰ ਪੁੱਤ ਉਸ ਸਮੇਂ ਕੂਕਿਆਂ ਦੀ ਫੜੋ ਫੜੀ ਆਮ ਸੀ। ਚਾਰ ਸਿੰਘ ਵੀ ਕੱਠੇ ਹੋ ਕੇ ਨਹੀਂ ਤੁਰ ਫਿਰ ਸਕਦੇ ਸਨ। ਪਾਠ ਕਰਨ ਵਾਲਿਆਂ ਨੂੰ ਬਿਨਾ ਪੁਣ ਛਾਣ ਕੀਤੀ ਕਾਲੀਆਂ ਕੋਠੜੀਆਂ ਵਿਚ ਡੱਕ ਦਿੱਤਾ ਜਾਂਦਾ ਸੀ। ਮੇਰੇ ਅੰਦਰ ਬੜੀ ਉਥਲ ਪੁਥਲ ਰਹਿੰਦੀ ਸੀ। ਇਕ ਪਾਸੇ ਸਿੱਖਾਂ ਨਾਲ ਇਹ ਵਰਤ ਰਹੀ ਸੀ ਤੇ ਦੂਜੇ ਪਾਸੇ ਸਾਕ ਸੰਬੰਧੀ ਇਨਾਮ ਵਾਸਤੇ ਜ਼ੋਰ ਦੇ ਰਹੇ ਸਨ।

ਮੇਰਾ ਮਨ ਹਰ ਵੇਲੇ ਗੇੜੇ ਖਾਂਦਾ ਰਹਿੰਦਾ ਸੀ, ਕਦੀ ਸਿਦਕੀ ਬਣਾ ਜਾਂਦਾ ਸੀ, ਕਦੀ ਡਿੱਗਣ ਲੱਗ ਪੈਂਦਾ ਸਾਂ। ਮੇਰੇ ਅੱਖਾਂ ਸਾਹਮਣਿਓਂ ਕਈ ਝਾਕੀਆਂ ਲੰਘਦੀਆਂ

ਸਨ। ਸਿੱਖਾਂ ਦਾ ਤੋਪਾਂ ਸਾਹਵੇਂ ਉਡਣਾ। ਸਤਿਗੁਰਾਂ ਦਾ ਪਰਦੇਸ ਜਾਣਾ। ਸ੍ਰੀ ਭੈਣੀ ਸਾਹਿਬ ਦੀਆਂ ਤਲਾਸ਼ੀਆਂ। ਸਿੰਘਾਂ ਦੀ ਫੜੋ ਫੜੀ। ਅੰਤ ਮਨ ਨੇ ਮਤਾ ਪਕਾਇਆ, ਕਿ ਗੁਰੂ ਹਰੀ ਸਿੰਘ ਜੀ ਪਾਸ ਬੇਨਤੀ ਕਰੀਏ, ਜਿਵੇਂ ਉਹ ਹੁਕਮ ਕਰਨ ਤਿਵੇਂ ਕੀਤਾ ਜਾਵੇ।

ਮੈਂ ਸਤਿਗੁਰੂ ਦਾ ਦਰਸ਼ਨ ਕਰਨ ਹਿਤ ਸ੍ਰੀ ਭੈਣੀ ਸਾਹਿਬ ਗਿਆ। ਜਾਕੇ ਸਤਿਗੁਰਾਂ ਦੇ ਚਰਨ ਪਰਸੇ, ਸਾਧ ਸੰਗਤ ਦੇ ਦਰਸ਼ਨ ਕੀਤੇ। ਮਾਤਾ ਜੀਊਣ ਕੌਰ ਦੀਆਂ ਖ਼ੁਸ਼ੀਆਂ ਲਈਆਂ। ਸੰਗਤਾਂ ਨੂੰ ਨਿਹਾਲ ਕਰਕੇ ਗੁਰੂ ਜੀ ਜਦ ਗੱਦੀ ਸਾਹਿਬ ਵਾਲੇ ਚੁਬਾਰੇ 'ਚ ਗਏ ਤਾਂ ਮੈਂ ਵੀ ਓਥੇ ਚਲਿਆ ਗਿਆ। ਸ਼ਾਂਤ ਮੂਰਤ ਗੁਰੂ ਜੀ ਸੰਗਤ ਵਿਚ ਇਉਂ ਸ਼ੋਭਾ ਦੇ ਰਹੇ ਸਨ ਜਿਵੇਂ ਹੰਸਾਂ ਵਿਚ ਰਾਜਹੰਸ।

ਗੁਰੂ ਹਰੀ ਸਿੰਘ ਜੀ ਉੱਚ ਦਰਜੇ ਦੇ ਧੀਰਜਵਾਨ ਸਨ। ਸ਼ਾਂਤ ਚਿੱਤ ਤੇ ਗੰਭੀਰ ਸਨ। ਸੰਗਤ ਵਿਚ ਕਦੀ ਉੱਚੀ ਨਜ਼ਰ ਕਰਕੇ ਨਹੀਂ ਸਨ ਬਹਿੰਦੇ। ਜਦੋਂ ਵੀ ਸਤਿਗੁਰਾਂ ਦੀ ਯਾਦ ਆਉਂਦੀ, ਉਹਨਾਂ ਦੇ ਕਮਲ ਨੇਤਰਾਂ ਵਿਚੋਂ ਛਮਾ ਛਮ ਹੰਝੂਆਂ ਦੀ ਝੜੀ ਲੱਗ ਪੈਂਦੀ। ਸਤਿਗੁਰਾਂ ਦੇ ਪਰਦੇਸ ਗਮਨ ਪਿੱਛੋਂ ਉਹਨਾਂ ਨਾਮ ਬਾਣੀ ਦੀ ਨਿਰਮਲ ਗੰਗਾ ਜਾਰੀ ਰੱਖੀ। ਵਤਨੇ-ਆਜ਼ਾਦੀ ਦੀ ਸ਼ਮਾਂ ਨੂੰ ਪਰਚੰਡ ਰੱਖਿਆ। ਇਹਨਾਂ ਬਿੱਲਿਆਂ ਨੂੰ ਦੇਸੋਂ ਕੱਢਣ ਵਾਸਤੇ ਰੂਸ ਤੇ ਕਾਬਲ ਨਾਲ ਗੁਪਤੀ ਮਸ਼ਵਰੇ ਕੀਤੇ। ਅਤੇ ਕਈ ਵਾਰੀ ਸੰਗਤ ਵਿਚ ਖੁੱਲ੍ਹ ਕੇ ਆਖਦੇ, "ਭਾਈ ਮੈਂ ਵੀ ਓਹੋ ਹੀ ਕੰਮ ਕਰ ਰਿਹਾ ਹਾਂ, ਜਿਹੜਾ ਸਤਿਗੁਰਾਂ ਸ਼ੁਰੂ ਕੀਤਾ ਸੀ। ਫ਼ਰਕ ਸਿਰਫ਼ ਏਨਾਂ ਹੈ, ਕਿ ਉਹਨਾਂ ਦਾ ਸ਼ੇਰ ਦਾ ਵਰਗ ਸੀ, ਉਹ ਸ਼ੇਰ ਵਾਂਗੂੰ ਭਬਕ ਮਾਰਦੇ ਸਨ। ਮੇਰਾ ਚੂਹੇ ਦਾ ਵਰਗ ਹੈ। ਮੈਂ ਹੇਠੋਂ ਜੜ੍ਹਾਂ ਕੁਤਰਦਾ ਹਾਂ।" ਪੁੱਤ ਗੁਰੂ ਹਰੀ ਸਿੰਘ ਜੀ ਠੀਕ ਬਿੱਲਿਆਂ ਦੀਆਂ ਜੜ੍ਹਾਂ ਕੁਤਰਨੋ ਘੱਟ ਨ ਕੀਤਾ। ਉਹ ਨਿਗਾਹ ਹੇਠਾਂ ਕਰੀ ਬੈਠੇ ਸਨ। ਮੈਂ ਆਪਣੇ ਮਨ ਦੀ ਵਿਥਿਆ ਦੱਸੀ। ਗੁਰੂ ਜੀ ਸੁਣੀ। ਜਦ ਸਾਰੀ ਕਥਾ ਮੁੱਕ ਗਈ ਤਾਂ ਗੁਰੂ ਜੀ ਕਮਲ ਨੇਤਰ ਉਤਾਂਹ ਕੀਤੇ ਤੇ ਤੇਜ਼ੀ ਨਾਲ ਕਿਹਾ "ਨ ਭਾਈ ਨਿਹਾਲ ਸਿੰਘਾ ਅਸਾਂ ਬਿੱਲਿਆਂ ਤੋਂ ਕੁਝ ਨਹੀਂ ਲੈਣਾ। ਜਿਸ ਪਾਸੋਂ ਕੁਝ ਲਈਏ, ਉਸ ਅੱਗੇ ਸਿਰ ਨਿਵਾਉਣਾ ਪੈਂਦਾ ਹੈ। ਸਾਨੂੰ ਗੁਰੂ ਬਹੁਤ ਕੁਝ ਦੇਵੇਗਾ। ਇਨਾਮਾਂ ਦੇ ਲਾਲਚ ਦੇ ਕੇ ਇਹ ਬਿੱਲੇ ਸਾਨੂੰ ਪਾੜਨਾ ਚਾਹੁੰਦੇ ਹਨ। ਘਰ ਫੁਟਿਆ ਤਾਂ ਦਹਿਸਰ ਮਾਰਿਆ, ਜੇ ਅਸੀਂ ਪਾਟ ਗਏ ਤਾਂ ਬਿੱਲਿਆਂ ਦੀ ਜਿੱਤ ਹੋ ਜਾਵੇਗੀ। ਜੇ ਜੁੜੇ ਰਹੇ ਤਾਂ ਇਹਨਾਂ ਨੂੰ ਝਬਦੇ ਹੀ ਲੈ ਲਵਾਂਗੇ। ਨ ਭਾਈ, ਅਸਾਂ ਗੋਰਿਆਂ ਪਾਸੋਂ ਕੁਝ ਨਹੀਂ ਲੈਣਾ।" ਮੈਂ ਤਾਂ ਮੱਥਾ ਟੇਕ ਘਰ ਨੂੰ ਆ ਗਿਆ ਤੇ ਸਤਿਗੁਰਾਂ ਦੇ ਬਚਨਾਂ ਨੂੰ ਅੰਦਰ ਵਸਾ ਲਿਆ।

ਚਾਲ੍ਹੀ ਸਾਲ ਇਹ ਕਾਗ਼ਜ਼ ਨਪੇ ਘੁਟੇ ਸੰਦੂਕ ਦੀ ਗੁੱਠੇ ਲੱਗੇ ਰਹੇ। ਅੰਗਰੇਜ਼ੀ ਸਰਕਾਰ ਬਾਰ ਵਸਾਵਣ ਲੱਗ ਪਈ। ਲੂਈਸ ਡਨ ਸਾਹਿਬ ਇਸ ਡਿਊਟੀ ਤੇ ਸੀ, ਉਸ ਖੰਨੇ ਕੈਂਪ ਕੀਤਾ ਤੇ ਫ਼ੌਜੀਆਂ ਤੇ ਹੋਰ ਇਨਾਮ-ਖੋਰਾਂ ਨੂੰ ਬੁਲਾ ਭੇਜਿਆ। ਡੌਂਡੀ ਪਿਟਵਾ ਦਿੱਤੀ। ਅਲੌੜ ਦੇ ਵਸਨੀਕਾਂ ਸੰਤਾਂ ਨੂੰ ਕਹਿਆ, "ਮਹਾਰਾਜ! ਸਰਕਾਰ ਮੁਰਬੇ ਵੰਡ ਰਹੀ ਹੈ, ਤੁਸੀਂ ਵੀ ਕਾਗ਼ਜ਼ ਵਿਖਾਓ, ਖਬਰੇ ਤੁਹਾਨੂੰ ਵੀ ਕੁਝ ਮਿਲ ਜਾਏ।" ਸੰਤਾਂ ਕਿਹਾ, "ਨਾ ਭਾਈ! ਸਤਿਗੁਰਾਂ ਦਾ ਬਚਨ ਹੈ ਕਿ ਅੰਗਰੇਜ਼ ਪਾਸੋਂ ਕੁਝ ਨਹੀਂ ਲੈਣਾ।

ਲੋਕੀਂ ਆਪਣੀ ਮਾਰ ਰਹੇ ਸਨ, ਮੇਰੇ ਸਤਿਗੁਰਾਂ ਦਾ ਹੁਕਮ ਖੜਾ ਸੀ, ਮੇਰੇ ਸਾਹਮਣੇ ਉਹਨਾਂ ਸਿੱਖਾਂ ਦੇ ਚਿੱਤਰ ਆ ਰਹੇ ਸਨ, ਜਿਹੜੇ ਗੋਰੇ ਦੀ ਚਲਾਈ ਰੇਲ ਤੇ ਨਹੀਂ ਸਨ ਚੜ੍ਹਦੇ, ਜਿਹੜੇ ਨਹਿਰ ਦਾ ਪਾਣੀ ਨਹੀਂ ਸਨ ਵਰਤਦੇ ਸਨ ਤਾਂ ਉਸ ਖੇਤ ਦੇ ਦਾਣੇ ਨਹੀਂ ਸਨ ਖਾਂਦੇ। ਮਗਰ ਸੁਆਰਥੀਆਂ ਦੀ ਜੰਞ ਮੇਰੇ ਦਆਲੇ ਹੋ ਗਈ, ਆਖੇ ਤੂੰ ਮੰਗਣ ਥੋੜ੍ਹਾ ਚਲਿਆ ਏਂ। ਤੂੰ ਬਹਾਦਰੀ ਕੀਤੀ, ਉਸਦਾ ਬਦਲਾ ਮਿਲ ਰਿਹਾ ਏ, ਤੂੰ ਘੋਲ ਨ ਕਰ, ਵੇਖ ਵੇਲੇ ਦੀ ਨਿਮਾਜ਼ ਤੇ ਕੁਵੇਲੇ ਦੀਆਂ ਟੱਕਰਾਂ।" ਮੈਂ ਬਥੇਰੀਆਂ ਲਿਲਾਂ ਕੱਢਾਂ, ਭਲਿਓ ਲੋਕੋ! ਮੈਨੂੰ ਦੁਸ਼ਮਣਾਂ ਸਾਹਮਣੇ ਨ ਖੜੋ। ਦੁਸ਼ਮਣ ਕੋਲੋਂ ਮੰਗਣ ਨਲੋਂ ਮਰ ਜਾਣਾ ਚੰਗੇਰਾ ਹੁੰਦਾ ਏ। ਮੈਨੂੰ ਸਤਿਗੁਰ ਬੜਾ ਕੁਝ ਬਖਸ਼ਿਆ ਏ, ਕਿਸੇ ਗੱਲ ਦਾ ਘਾਟਾ ਨਹੀਂ।

ਇਤਨੇ ਨੂੰ ਛੋਟੇ ਨੇ ਕਿਹਾ 'ਭਾਊ! ਤੂੰ ਮੈਨੂੰ ਅੱਗੇ ਹੋਣ ਦਈਂ, ਤੂੰ ਕੋਲ ਖੜਾ ਰਹੀਂ। ਸਾਹਿਬ ਨਾਲ ਦੋ ਗੱਲਾਂ ਮੈਂ ਕਰਾਂਗਾ।' ਇਹ ਮੇਲਾ ਮੈਨੂੰ ਨਾਲ ਲੈ ਤੁਰਿਆ। ਸਾਹਿਬ ਨੂੰ ਉਹਨਾਂ ਕਾਗ਼ਜ਼ ਪੱਤਰ ਵਿਖਾਏ। ਲੂਈਸ ਡਨ ਬੜਾ ਹੈਰਾਨ ਸੀ। ਉਸ ਆਖਿਆ, "ਟੁਮਾਰੀ ਬਡੀ ਕਿਸਮਟ ਹੈ। ਲਾਖ ਰੁਪਏ ਕਾ ਕਾਗ਼ਜ਼ ਹੈ, ਦਬਾ ਰਖਾ ਹੈ, ਚਲੋ ਸਰਕਾਰੀ ਖਜ਼ਾਨਾ ਸੇ ਰੁਪਿਆ ਦਿਲਵਾਟਾ ਹੂੰ।" ਸਾਡੇ ਵਿਚੋਂ ਇਕ ਨੇ ਕਿਹਾ, "ਸਾਹਿਬ! ਸਾਡੇ ਕੋਲ ਲੱਖ ਕਿਸ ਰਹਿਣ ਦੇਣੇ ਨੇ। ਦਿਨ ਦਿਹਾੜੀ ਡਾਕੂ ਆ ਪੈਣਗੇ। ਤੂੰ ਕੋਈ ਭੋਏ ਦੀ ਟੁੱਕੜੀ ਦੇ ਦੇ। ਸਾਹਿਬ 4 ਮੁਰਬੇ ਜ਼ਮੀਨ ਕਰ ਦਿੱਤੀ। ਸਾਰੇ ਖ਼ੁਸ਼ੀ ਖ਼ੁਸ਼ੀ ਘਰ ਆ ਗਏ। ਮਗਰ ਮੇਰੇ ਕੰਨਾਂ ਵਿਚ ਗੁਰੂ ਹਰੀ ਸਿੰਘ ਜੀ ਦੇ ਸ਼ਬਦ ਗੂੰਜ ਰਹੇ ਸਨ 'ਬਿੱਲਿਆਂ ਪਾਸੋਂ ਕੁਝ ਨਹੀਂ ਲੈਣਾ। ਮੁਰਬਿਆਂ ਵਾਲੇ ਦੁਖੀ ਹੋਣਗੇ।' ਇਹ ਸਾਰੀ ਭੋਏਂ ਸਾਡੀ ਏ, ਪੁੱਤ! ਇਹ ਨਵੇਂ ਕਾਗ਼ਜ਼ ਵੀ ਓਥੇ ਹੀ ਬੰਦ ਕਰ ਦਿੱਤੇ। ਨ ਕੋਈ ਬਾਰ ਵਲ ਗਿਆ। ਨ ਜ਼ਮੀਨ ਲਈ। ਅੱਜ ਤੂੰ ਫੇਰ ਇਹਨਾਂ ਨੂੰ ਵਾ ਲਵਾ ਦਿੱਤੀ ਏ। ਲੈ ਪੁੱਤ! ਮੇਰੀ ਤਾਂ ਨਿਭ ਗਈ, ਤੂੰ ਜਾਣ ਤੇ ਤੇਰੇ ਕੰਮ।"

x x x

ਮਾਘਾ ਸਿੰਘ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਾਲ ਸਿਖਾਈ ਸੀ ਜਿਹਨਾਂ ਬਾਰੇ ਗੁਰੂ ਹਰੀ ਸਿੰਘ ਜੀ ਬਚਨ ਕਰਿਆ ਕਰਦੇ ਸਨ 'ਇਹ ਬੜਾ ਪਰਤਾਪ ਵਾਲਾ ਹੋਵੇਗਾ।' ਸੋ ਉਹਨਾਂ ਦੇ ਸ਼ਬਦ ਸੋਲ੍ਹਾਂ ਆਨੇ ਪੂਰੇ ਉਤਰੇ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਯਾਰਾਂ ਦੇ ਯਾਰ ਸਨ, ਸਖਿਆਂ ਦੇ ਸਖੇ ਸਨ, ਇਹ ਗ਼ਰੀਬ ਨਿਵਾਜ਼, ਗ਼ਰੀਬ ਪਰਵਰ, ਹਮਦਰਦ ਤੇ ਮਿਲਨਸਾਰ ਸਨ। ਸੁੰਦਰ ਚਿਹਰਾ ਸਦੀਵੀ ਗੁਲਾਬ ਵਾਂਗੂੰ ਖਿੜਿਆ ਰਹਿੰਦਾ ਸੀ, ਇਹਨਾਂ ਜਿਧਰ ਨਜ਼ਰ ਕੀਤੀ, ਉਹੋ ਬਾਗੋਂ ਬਾਗ ਹੋ ਗਏ। ਉਹ ਪੱਥਰਾਂ ਤੇ ਤੁਠ ਪਏ, ਪੱਥਰ ਪਾਰਸ ਹੋ ਚਮਕੇ, ਜਿਹੜੇ ਰਾਹਾਂ ਤੋਂ ਉਹ ਲੰਘ ਗਏ ਉਹ ਗੁਲਜ਼ਾਰ ਹੋ ਖਲੋਤੇ, ਜਿਹੜੀ ਧਰਤੀ ਤੋਂ ਉਹਨਾਂ ਦੀ ਮੋਟਰ ਦਾ ਪਹੀਆ ਲੰਘ ਗਿਆ ਉਹ ਸੋਨਾ ਬਣ ਖੜੋਤੀ। ਉਹਨਾਂ ਦੀਆਂ ਗਊਆਂ ਮੱਝਾਂ ਜਾਂ ਘੋੜੀਆਂ ਨੇ ਖੇਤ ਨੂੰ ਉਜਾੜ ਦਿੱਤਾ, ਉਸਦੇ ਮਾਲਕ ਦੇ ਸੁੱਤੇ ਦੇ ਭਾਗ ਜਾਗ ਪਏ, ਇਕ ਪਲ ਸੇਵਾ ਕਰਨ ਵਾਲੇ ਨੂੰ ਉਹਨਾਂ ਸਾਲ ਦਾ ਮੁੱਲ ਮੋੜਿਆ।

ਸਤਿਗੁਰਾਂ ਪਾਸ ਸੰਤ ਨਿਹਾਲ ਸਿੰਘ ਦੇ ਤਿਆਗ ਤੇ ਪਿਆਰ ਜਜ਼ਬਿਆਂ ਦੀਆਂ ਕਥਾਵਾਂ ਪੁੱਜ ਗਈਆਂ। ਸਤਿਗੁਰ ਤੁਠ ਪਏ। ਬਚਨ ਕੀਤਾ, 'ਕੇਡੀ ਵੱਡੀ ਕੁਬਾਨੀ ਏ। ਕਿੱਡਾ ਵੱਡਾ ਸਿਦਕ ਏ, ਕਿੱਡਾ ਵੱਡਾ ਭਰੋਸਾ ਏ, ਲੋਕ ਦਮੜੀ ਦਮੜੀ ਤੇ ਝੱਖਾਂ ਮਾਰ ਰਹੇ ਨੇ ਸਿੱਖ ਨੇ ਲੱਖਾਂ ਰੁਪਿਆਂ ਦੇ ਮੁਰਬਿਆਂ ਨੂੰ ਨਜ਼ਰ ਹੇਠਾਂ ਨਹੀਂ ਲਿਆਂਦਾ। ਧੰਨ ਹਨ ਮੇਰੇ ਅਕਾਲ ਪੁਰਖ ਸਤਿਗੁਰੂ ਰਾਮ ਸਿੰਘ ਜੀ ਜਿਨ੍ਹਾਂ ਸਿੱਖ ਦਾ ਸਿਰੜ ਕਾਇਮ ਰੱਖਿਆ ਏ। ਭਾਈ ਮਾਘਾ ਸਿੰਘ ਨੂੰ ਸਤਿਗੁਰਾਂ ਬਚਨ ਕੀਤਾ, 'ਮਾਘਾ ਸਿੰਆਂ ਤੇਰੇ ਬਾਪੂ ਦੀਆਂ ਕੁਝ ਚਿੱਠੀਆਂ ਸੁਣੀਆਂ ਜਾਂਦੀਆਂ ਹਨ, ਲਿਆ ਖਾਂ ਵੇਖੀਏ।' ਮਾਘਾ ਸਿੰਘ ਉਹ ਕਾਗ਼ਜ਼ ਸਤਿਗੁਰਾਂ ਪਾਸ ਲੈ ਗਿਆ। ਸਤਿਗੁਰਾਂ ਉਹ ਕਾਗ਼ਜ਼ ਵੇਖੇ ਤੇ ਸੁਣੇ ਤੇ ਬਚਨ ਕੀਤਾ 'ਮਾਘਾ ਸਿੰਆਂ! ਸਮਾਂ ਆਉਣ ਤੇ ਤੈਨੂੰ ਅਸੀਂ ਚੰਗੇ ਮੁਰਬੇ ਲੈ ਕੇ ਦਿਆਂਗੇ।' ਮਾਘਾ ਸਿੰਘ ਹੁਰਾਂ ਉਹ ਕਾਗ਼ਜ਼ ਮਾਸਟਰ ਬਲਵੰਤ ਸਿੰਘ ਪਾਸ ਸੰਭਾਲ ਦਿੱਤੇ। ਪਤਾ ਨਹੀਂ ਮਾਸਟਰਾਂ ਕੋਲੋਂ ਉਹ ਕਾਗ਼ਜ਼ ਕਿੱਥੇ ਰੱਖੇ ਗਏ, ਫੇਰ ਨਹੀਂ ਮਿਲੇ।

ਜ਼ਮਾਨੇ ਦੀ ਨਾੜ ਨੂੰ ਮੁੱਖ ਰਖਦਿਆਂ ਤੇ ਸਮਾਂ ਟਪਾਉਣ ਵਾਸਤੇ ਸਤਿਗੁਰਾਂ ਸ੍ਰੀ ਜੀਵਨ ਨਗਰ ਜ਼ਮੀਨ ਖ਼ਰੀਦੀ। ਦੇਸ਼ ਦੀ ਵੰਡ ਹੋ ਗਈ, ਬੇਦੋਸਿਆਂ ਦਾ ਲਹੂ ਡੁੱਲ੍ਹਿਆ। ਕਈ ਇਸਤਰੀਆਂ ਦੇ ਸੁਹਾਗ ਲੁੱਟੇ ਗਏ। ਕਈ ਬੱਚੇ ਯਤੀਮ ਹੋ ਗਏ। ਮਗਰ ਸਤਿਗੁਰੂ ਪ੍ਰਤਾਪ ਸਿੰਘ ਸਿੱਖਾਂ ਨੂੰ ਬਾਹੋਂ ਫੜ ਅੱਗ ਵਿੱਚੋਂ ਕੱਢਿਆ। ਉਹਨਾਂ ਦੀ ਬਿਪਤਾ ਦਾ ਭਾਰ ਹੌਲਾ ਕੀਤਾ, ਦੁੱਖ ਵੰਡਾਇਆ, ਡਿੱਗਿਆਂ ਨੂੰ ਉਠਾਇਆ, ਕੰਗਲਿਆਂ ਨੂੰ ਕੋਲੋਂ ਜ਼ਮੀਨਾਂ ਦੇ ਕੇ ਰਾਜੇ ਕੀਤੇ। ਬੁਤੀਆਂ ਸਾਰਨ ਤੇ ਵਿਗਾਰ ਕੱਢਣ ਵਾਲਿਆਂ ਦੇ ਪੀੜੀਆਂ ਦੇ ਧੋਣੇ ਧੋ ਦਿੱਤੇ। ਉਸ ਸਮੇਂ ਮਾਘਾ ਸਿੰਘ ਦੇ ਬਾਪੂ ਦੀ ਕਮਾਈ ਦਾ ਇਨਾਮ ਵੀ ਮੋੜ ਦਿੱਤਾ। ਅਵੱਲ ਦਰਜੇ ਦਾ ਇਕ ਮੁਰੱਬਾ ਬਖ਼ਸ਼, ਇਕ ਖੂਹ ਵੀ ਕੋਲੋਂ ਲਵਾ ਦਿੱਤਾ ਤੇ ਸਦਾ ਲਈ ਨਿਹਾਲ ਕਰ ਦਿੱਤਾ।

ਯਾਦ ਦੀ ਯਾਦ

"ਬਾਬਾ।"
"ਹਾਂ ਪੁੱਤ!"
"ਕੀ ਗੱਲ ਏ?"
"ਕੁਝ ਨਹੀਂ।"
"ਫਿਰ ਉਦਾਸ ਕਿਉਂ?"
"ਅੱਜ ਸੁਵਖਤੇ ਮੰਜੇ ਤੇ ਆ ਲੇਟੇ ਹੋ?"
"ਬਖਸ਼! ਬਖਸ਼!! ਬਖਸ਼!!! ਗੁਰੂ ਜੀ ਤੇਰੀ ਮਿਹਰ! ਤੇਰੀ ਕਿਰਪਾ!" ਬਾਬਾ ਜੀ ਨੇ ਪਾਸਾ ਬਦਲਦਿਆਂ ਕਿਹਾ।

"ਬਾਬਾ ਜੀ ਗੱਲ ਤਾਂ ਕੋਈ ਜ਼ਰੂਰ ਏ। ਜਾਂ ਤਾਂ ਤੁਹਾਨੂੰ ਘਰ ਦੀ ਯਾਦ ਆ ਸਤਾਇਆ ਏ! ਜਾਂ ਕੋਈ ਦ੍ਰਿਸ਼ਟਾਂਤ ਦੇਖਿਆ ਏ।"

"ਕੋਈ ਗੱਲ ਜ਼ਰੂਰ ਏ।"

"ਭਾਈ! ਘਰ ਦੇ ਗਲਾਵੇਂ ਓਦੋਂ ਲਹਿ ਗਏ ਜਦੋਂ ਮੈਨੂੰ ਸ਼ਾਂਤੀ ਦੇ ਪੁੰਜ, ਅੰਮ੍ਰਿਤ ਨੂੰ ਬਖਸ਼ਣ ਵਾਲੇ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਹੋਏ। ਉਹਨਾਂ ਦੀ ਇੱਕੋ ਮਿਹਰ ਨਜ਼ਰ ਨੇ ਮੇਰੀ ਕਾਇਆ ਪਲਟ ਦਿੱਤੀ। ਉਹਨਾਂ ਦੇ ਪਾਵਨ ਦਰਸ਼ਨਾਂ ਨੇ ਇਸ ਨਰਕੀ ਕੀੜੇ ਨੂੰ ਨਰਕਾਂ ਦੇ ਭਾਂਬੜਾਂ ਵਿਚ ਡਿੱਗਦੇ ਡਿੱਗਦੇ ਨੂੰ ਬਾਹੋਂ ਫੜ ਕੇ ਕੱਢਿਆ। ਉਹਨਾਂ ਦੇ ਚਰਨਾਂ ਵਿਚ ਆ ਕੇ ਸਭ ਫੁਰਨੇ ਮੁੱਕ ਗਏ। ਉਹਨਾਂ ਦੀ ਸ਼ਰਨੀ ਆਇਆਂ ਸਾਰੇ ਜੰਜ਼ੀਰ ਟੋਟੇ ਟੋਟੇ ਹੋ ਕੇ ਝੜ ਗਏ। ਘਰ ਨੂੰ ਮਘੋਰੇ ਕਰ ਕੇ ਹੀ ਘਰੋਂ ਨਿਕਲਿਆ ਸਾਂ। ਹੁਣ ਘਰ ਕਾਹਦਾ ਤੇ ਘਰ ਦੀ ਯਾਦ ਕਾਹਦੀ।" "ਧੰਨ ਏਂ ਬਾਬਾ ਤੂੰ, ਧੰਨ ਏਂ ਤੇਰੀ ਕਮਾਈ, ਮੈਂ ਤਾਂ ਅੱਗੇ ਹੀ ਕਹਿੰਦਾ ਸਾਂ ਕਿ ਮੈਂ ਤੁਹਾਨੂੰ ਨਿੱਕਿਆਂ ਹੁੰਦਿਆਂ ਤੋਂ ਜਦੋਂ ਤੋਂ ਤੁਸੀਂ ਭਰ ਜਵਾਨ ਸਉ ਵੇਖ ਰਿਹਾ ਹਾਂ। ਤੁਸੀਂ ਉਦੋਂ ਤੋਂ ਹੰਸ ਦੀ ਚਾਲ ਚਲ ਰਹੇ ਹੋ। ਅੱਜ-ਕੱਲ੍ਹ ਦੇ ਮੁੰਡੇ ਪੰਜ ਸੌ ਨਖ਼ਰੇ ਕਰਦੇ ਹਨ। ਮਗਰ ਤੁਹਾਨੂੰ? ਉਸ ਵੇਲੇ ਤੋਂ ਤਕ ਰਿਹਾ ਹਾਂ। ਤੁਸੀਂ ਸਦਾ ਸਵੇਰੇ, ਅੰਮ੍ਰਿਤ ਵੇਲੇ ਉਠਦੇ ਹੋ। ਇਸ਼ਨਾਨ ਕਰਦੇ ਹੋ। ਫੇਰ ਗੜਵੇ ਨਾਲ ਜਲ ਖਿੱਚ ਖਿੱਚ ਪੰਜ ਵਜੇ ਤਕ ਹੋਰ ਸਿੱਖਾਂ ਨੂੰ ਇਸ਼ਨਾਨ ਕਰਾਉਂਦੇ ਹੋ। ਮੁੜ ਦੀਵਾਨ ਵਿਚ ਜਾਂਦੇ ਹੋ। ਉੱਥੇ ਆ ਕੇ ਸਵਾਇਆ ਕੁ ਪਰਸ਼ਾਦ ਛੱਕਦੇ ਹੋ। ਵਿਹਲੇ ਤੁਸੀਂ ਨਹੀਂ ਬਹਿੰਦੇ। ਲੰਗਰ ਵਾਸਤੇ ਜਲ ਢੋਂਦੇ ਹੋ। ਗੋਹਾ ਕੂੜਾ ਵੀ ਕਰਦੇ ਹੋ। ਪਸ਼ੂਆਂ ਲਈ ਪੱਠੇ ਵੀ ਵੱਢਦੇ ਹੋ। ਹਲ ਤੁਸੀਂ ਜੋੜਦੇ ਹੋ। ਗੱਡਾ ਤੁਸੀਂ ਵਾਹੁੰਦੇ ਹੋ। ਤੁਹਾਡੇ ਹੱਥ

ਹਰ ਵੇਲੇ ਸੇਵਾ ਵਿਚ ਰਹਿੰਦੇ ਹਨ ਅਤੇ ਰਸਨਾ ਵੀ ਹਰ ਵੇਲੇ ਜਲਦੀ ਰਹਿੰਦੀ ਹੈ। ਤੁਸੀਂ ਤਾਂ ਪੂਰੇ ਤਪੱਸਵੀ ਹੋ। ਖਬਰੇ ਤੁਹਾਡਾ ਕਿਸੇ ਅਪਮਾਨ ਕੀਤਾ ਹੈ।" ਇਹ ਸੰਤ ਸੇਵਾ ਸਿੰਘ ਜੀ ਨੇ ਬਾਬਾ ਦਾਨ ਸਿੰਘ ਜੀ ਦੇ ਚਰਨਾਂ ਵਿਚ ਬਹਿੰਦਿਆਂ ਕਿਹਾ।

"ਨਹੀਂ ਪੁੱਤ! ਇੱਥੇ ਆਣ ਕੇ ਮਾਣ ਕੀ ਤੇ ਅਪਮਾਨ ਕੀ? ਇਸ ਗੁਰੂ ਦੀ ਅਰਦਲ ਵਿਚ, ਬਰਮਾ, ਸ਼ਿਵ ਜੀ ਅਤੇ ਵਿਸ਼ਨੂੰ ਹੱਥ ਜੋੜੀ ਹਰ ਵੇਲੇ ਖੜੇ ਰਹਿੰਦੇ ਹਨ। ਇੰਦਰ ਇਸ ਭੈਣੀ ਸਾਹਿਬ ਦੀਆਂ ਗਲੀਆਂ ਦੀ ਧੂੜੀ ਨੂੰ ਮੱਥੇ ਤੇ ਲਾ ਕੇ ਧੰਨ ਭਾਗ ਜਾਣਦਾ ਹੈ। ਇਸ ਜੂਹ ਦੇ ਆਲੇ ਦੁਆਲੇ ਗਣ, ਗੰਧਰਬ ਤੇ ਅਪੱਛਰੇ ਪਰਕਰਮਾ ਕਰਦੇ ਹਨ ਅਤੇ ਇਸ ਪੁਰੀ ਦੀ ਧੂੜੀ ਨੂੰ ਚੁੰਮ ਚੁੰਮ ਸਿਰ ਮੱਥੇ ਤੇ ਲਾਂਦੇ ਹਨ। ਦੁਨੀਆਂ ਦੇ ਬਾਦਸ਼ਾਹ ਤੇ ਹੋਰ ਰਾਜੇ ਮਹਾਰਾਜੇ ਹੱਥੀਂ ਕਚ-ਕੌਲ ਦੇ ਠੂਠੇ ਫੜੀ ਇੱਥੇ ਆ ਕੇ ਖ਼ੈਰ ਮੰਗਦੇ ਹਨ। ਭਾਈ ਨੰਦ ਲਾਲ ਜੀ ਚੰਗੀ ਤਰ੍ਹਾਂ ਵੇਖ ਚਾਖ ਕੇ ਹੀ ਲਿਖਿਆ ਸੀ:-

ਹਫਤ ਕਿਸਵਰ ਕੀ ਹਕੂਮਤ ਹੇਚ ਹੈ।
ਆਸ਼ਕਾਂ ਰਾ ਸ਼ੌਕ ਅਸਤ ਦਰਸਨੇ ਦੀਦਾਰ ਰਾ।

ਜਿਹਨੂੰ ਇਉਂ ਵੀ ਕਹਿ ਲਿਆ ਜਾ ਸਕਦਾ ਹੈ ਕਿ ਸੱਤ ਵਲਾਇਤਾਂ ਦੀਆਂ ਬਾਦਸ਼ਾਹੀਆਂ ਭਠ ਵਿਚ, ਮੈਨੂੰ ਤਾਂ ਕੇਵਲ ਦਰਸ਼ਨਾਂ ਦੀ ਭੁੱਖ ਹੈ। ਭਾਈ! ਮੈਂ ਇੱਥੇ ਕਿਹੜੇ ਬਾਗ ਦੀ ਮੂਲੀ ਹਾਂ, ਤਾਂ ਇਸੇ ਵਿਚ ਧੰਨ ਭਾਗ ਜਾਣਦਾ ਹਾਂ ਕਿ ਗੁਰੂ ਕਿਆਂ ਨੇ ਮੈਨੂੰ ਅਪਾਰ ਕਿਰਪਾ ਨਾਲ ਸੇਵਾ ਬਖਸ਼ੀ ਹੈ।"

"ਬਾਬਾ! ਤੂੰ ਤਾਂ ਰੱਬ ਰੂਪ ਹੈਂ। ਸੋਚ ਚਿੰਤਾ ਤਾਂ ਤੇਰੇ ਲਾਗੇ ਨਹੀਂ ਲਗਣੀ ਚਾਹੀਦੀ। ਤੇਰੇ ਬਚਨਾਂ ਵਿਚੋਂ ਅੰਮ੍ਰਿਤ ਬੂੰਦਾਂ ਕਿਰਦੀਆਂ ਹਨ।"

'ਸਵਾਹ ਸੱਤਾਂ ਚੁਲ੍ਹਿਆਂ ਦੀ ਮੇਰੇ ਸਿਰ ਵਿਚ' ਬਾਬੇ ਨੇ ਮੰਜੇ ਤੋਂ ਉਠਦਿਆਂ ਤੇ ਥੱਲੇ ਨੂੰ ਲੱਤਾਂ ਲਮਕਾਈ ਬਹਿੰਦਿਆਂ ਆਖਿਆ - "ਵੇਖ! ਮੇਰੇ ਲਹੂ ਨਾਲ ਲਿਬੜੇ ਹੱਥ। ਵੇਖ! ਮੇਰੇ ਲਹੂ ਭਰੇ ਲੀੜੇ। ਵੇਖ! ਮੇਰਾ ਕਾਲਾ ਮੂੰਹ! ਗੁਰੂ ਹਰੀ ਸਿੰਘ ਜੀ ਮੇਰੇ ਇਹ ਦਾਗ਼ ਅਪਾਰ ਕਿਰਪਾ ਨਾਲ ਲਾਏ ਸਨ। ਮਾਤਾ ਜੀਉਣ ਕੌਰ ਲਾਡ ਪਿਆਰ ਨਾਲ, ਮੇਰੇ ਦਿਲ ਦੇ ਚਿਟਾਕ ਧੋਤੇ ਸਨ। ਮਗਰ ਵਾਦੀਆ ਨਹੀਂ ਜਾਂਦੀਆਂ। ਭੈੜੀ ਵਾਦੀ ਕਦੀ ਨਾ ਕਦੀ ਆ ਹੀ ਚੰਬੜਦੀ ਏ। ਅੱਜ ਮੈਂ ਉਸੇ ਟੋਏ ਵਿਚ ਜਾ ਡਿਗਿਆ, ਜਿੱਥੋਂ ਮੈਨੂੰ ਗੁਰੂ ਜੀ ਨੇ ਕੱਢਿਆ ਸੀ। ਮੈਂ ਪਾਪੀ ਹਾਂ! ਮੈਂ ਜ਼ੁਲਮੀ ਹਾਂ! ਮੇਰੇ ਲਾਗੇ ਨਾ ਬਹੁ। ਤੈਨੂੰ ਬੋ ਨਹੀਂ ਆਉਂਦੀ?"

"ਬਾਬਾ ਜੀ! ਤੁਸੀਂ ਕਿਹੜੇ ਵਹਿਣ ਵਿਚ ਵਹਿ ਤੁਰੇ ਓ! ਮੇਰੇ ਕੱਖ ਪੱਲੇ ਨਹੀਂ ਪਿਆ।" "ਤੇਰੇ ਪੱਲੇ ਕੀ ਪਵੇ? ਮੈਂ ਆਪ ਖਾਲੀ ਹੋ ਗਿਆ ਹਾਂ। ਜੋੜਿਆ ਧਨ ਗੁਆਚ ਗਿਆ ਹੈ, ਕੰਗਾਲ ਹੋ ਗਿਆ ਹਾਂ।"

'ਕੰਗਾਲ ਕਿਵੇਂ?'

"ਰੱਬਾ! ਜੁਆਨੀ ਵੀ ਬੰਦਿਆਂ ਨੂੰ ਦੇਵੀਂ। ਗੁਰੂ ਤੋਂ ਬਿਨਾ ਜੁਆਨੀ ਅੰਨ੍ਹੀ ਹੁੰਦੀ ਹੈ। ਮੁਰਸ਼ਦ ਤੋਂ ਬਿਨਾ ਜੁਆਨੀ ਬੋਲੀ ਹੁੰਦੀ ਹੈ। ਹਾਟੀ ਤੋਂ ਬਿਨਾ ਜੁਆਨੀ ਹੰਕਾਰ ਦਾ ਪੜੂਲ, ਜਿੰਥੇ ਉਹ ਕਲਾਬਾਜ਼ੀਆਂ ਖਾਂਦਿਆਂ ਹੱਡ ਗੋਡੇ ਭੰਨ, ਮੂੰਹ ਮੱਥ ਫਟ, ਲੱਤਾਂ ਘਘਸੀਟ ਘਸੀਟ, ਰੋਂਦਿਆਂ ਧੋਂਦਿਆਂ ਸਮਾਂ ਗੁਜ਼ਾਰਦੀ ਹੈ। ਕਦੀ ਮੈਂ ਵੀ ਉਸੇ ਪੜੂਲ ਤੇ ਖੜੋਤਾ ਸਾਂ। ਹਸ ਰੋਜ਼ ਹੀ ਪੱਠਾਂ ਤੇ ਪਠੋਰਿਆਂ ਨੂੰ ਸਾਹਮਣੇ ਖੜਾ ਕਰਦਾ ਸਾਂ। ਉਹਨਾਂ ਨੂੰ ਟੋਂਹਦਾ ਤੇ ਵਜ਼ਨ ਕਰਦਾ ਸਾਂ। ਉਹ ਮੇਰੀਆਂ ਲਹੂ ਭਰੀਆਂ ਅੱਖਾਂ ਵਲ ਤਕਦੇ ਸਨ। ਮੇਰੇ ਖੋਟੇ ਭਾਵਾਂ ਨੂੰ ਤਾੜਦੇ ਜਾਂਦੇ ਸਨ। ਉਹਨਾਂ ਬੇ-ਜ਼ਬਾਨਾਂ ਦੀਆਂ ਅੱਖਾਂ ਤਰ ਹੋ ਜਾਂਦੀਆਂ ਸਨ। ਮੇਰੀਆਂ ਅੱਖਾਂ ਵਿਚ ਰੋਹ ਦਾ ਹੜ੍ਹ ਆ ਜਾਂਦਾ ਸੀ। ਉਹ ਰਹਿਮ ਵਾਸਤੇ ਲੰਮੀਆਂ ਜੀਭਾਂ ਕੱਢ ਮਿੰਨਤਾਂ ਕਰਦੇ ਸਨ। ਮੈਂ ਮੱਥੇ ਤੇ ਘੂਰੀਆਂ ਪਾਂਦਾ ਸਾਂ। ਉਹ ਕੰਡੇ ਤਰੰਡੇ ਖਾ, ਨਿਰਮਲ ਨਦੀ ਦਾ ਪਾਣੀ ਪੀ। ਗ਼ਰੀਬ ਗ਼ੁਰਬਿਆਂ ਦੇ ਬੱਚਿਆਂ ਨੂੰ ਅੰਮ੍ਰਿਤ ਵਰਗਾ ਦੁੱਧ ਤੇ ਹੋਰ ਅਨੇਕਾਂ ਕੰਮ ਸਵਾਰਨ ਵਾਲਿਆਂ ਦੇ ਵੇਖਦਿਆਂ ਹੀ ਸਿਰ ਇਹਨਾਂ ਹੱਥਾਂ ਨਾਲ ਹੀ ਵਟ ਚਾੜ੍ਹ ਇੱਕੇ ਝਟਕੇ ਨਾਲ, ਤੜਫਦੇ ਧੜ ਨਾਲੋਂ ਵੱਖ ਕਰ, ਹੱਸਦਾ ਸਾਂ। ਖਿੱਲੀ ਮਾਰਦਾ ਸਾਂ। ਮੁੱਛਾਂ ਨੂੰ ਤਾ ਦੇਂਦਾ ਸਾਂ ਤੇ ਪ੍ਰਸੰਨ ਹੁੰਦਾ ਸਾਂ। ਕੀ ਤੂੰ ਮੇਰੀਆਂ ਲਹੂ ਭਰੀਆਂ ਮੁੱਛਾਂ ਵਲ ਵੇਖਦਾ ਹੈਂ।"

ਸੇਵਾ ਸਿੰਘ ਹੈਰਾਨਗੀ ਦੀ ਮੂਰਤ ਬਣੀ ਬੈਠਾ ਸੀ। ਬੋਲਣਾ ਚਾਲਣਾ ਕੀ ਸੀ। ਕੇਵਲ ਇਕ ਲੰਮਾ ਸਾਹ ਲਿਆ। ਬਾਬੇ ਨੇ ਆਪਣੀ ਵਿਥਿਆ ਜਾਰੀ ਰਖਦਿਆਂ ਕਿਹਾ, "ਇਹਨਾਂ ਚੰਦਰੇ ਹੱਥਾਂ ਕਈ ਕੁੱਕੜ ਮਾਰੇ। ਕਈ ਚਿੜੀਆਂ ਬਟੇਰਿਆਂ ਦਾ ਲਹੂ ਵੀਟਿਆ। ਬਕਰਾ ਤਾਂ ਬਕਰਾ ਰਿਹਾ, ਮੇਰੇ ਸਾਹਮਣੇ ਬੰਦਾ ਵੀ ਗਾਜਰ ਮੂਲੀ ਸੀ। ਧੰਨ ਹਨ ਮੇਰੇ ਸ਼ਾਂਤੀ ਦੇ ਪੁੰਜ, ਜਿਹਨਾਂ ਮੇਰੀ ਜਨਮ ਜਨਮਾਂਤਰਾਂ ਦੀ ਮੈਲ ਲਾਹੀ ਸੀ ਤੇ ਸੇਵਾ ਬਖਸ਼ੀ ਸੀ।

ਫੂਟਹੁ ਆਂਡਾ ਭਰਮ ਕਾ,
ਮਨਹਿ ਭਇਆ ਪਰਗਾਸੁ।
ਕਾਟੀ ਬੇੜੀ ਪਗਹਿ ਤੇ,
ਗੁਰ ਕੀਨੀ ਬੰਦ ਖਲਾਸੁ।

ਸਤਿਗੁਰੂ ਜੀ ਦੀ ਮਿਹਰ ਨੇ ਮੈਨੂੰ ਇਹ ਦਰਸਾਇਆ ਹੈ ਕਿ ਗੁਰੂ ਸੇਵਾ ਬਿਨ ਜੀਵਨ ਰੋੜਾਂ ਦਾ ਰਕੜ ਹੈ। ਜਿੱਥੇ ਪਰਾਣੀ ਪੈਰ ਨਹੀਂ ਧਰ ਸਕਦਾ, ਜਿੱਥੋਂ ਪਸ਼ੂ ਨਹੀਂ ਢਿੱਡ ਭਰ ਸਕਦੇ। ਜਿੱਥੇ ਪੰਛੀ ਵੀ ਚੁੰਝ ਨਹੀਂ ਮਾਰਦੇ।

"ਬਿਨ ਸੇਵਾ ਧਿੰਗ ਹੱਥ ਪੈਰ"।

ਭਾਈ! ਮੈਂ ਤਾਂ ਬਲਿਹਾਰ ਹਾਂ ਗੁਰੂ ਕਿਆਂ ਘੋੜਿਆਂ ਤੋਂ ਜਿਹਨਾਂ ਦੀਆਂ ਗਰਦਣਾਂ ਤੇ ਗੁਰੂ ਜੀ ਮਿਹਰ ਭਰਿਆ ਹੱਥ ਫੇਰਦੇ ਹਨ, ਧੰਨ ਹਨ ਇਹ ਬਲਦ, ਜਿਹੜੇ ਗੁਰੂ ਕੇ ਲੰਗਰ ਵਾਸਤੇ ਅੰਨ ਢੋਂਦੇ ਹਨ। ਧੰਨ ਹਨ ਇਹ

ਗਊਆਂ ਮੱਝਾਂ ਜਿਹੜੀਆਂ ਗੁਰੂ ਦੀਆਂ ਸੰਗਤਾਂ ਨੂੰ ਦੁੱਧ ਲਸੀ ਪਿਲਾਂਦੀਆਂ ਹਨ। ਮੈਨੂੰ ਤਾਂ ਇਉਂ ਭਾਸਦਾ ਹੈ, ਜਿਵੇਂ ਇਹਨਾਂ ਪਸ਼ੂਆਂ ਨੇ ਕੇਵਲ ਗੁਰੂ ਕਿਆਂ ਦੀ ਸੇਵਾ ਵਾਸਤੇ ਹੀ ਇਹ ਜਨਮ ਧਾਰਿਆ ਹੈ''।

''ਬਾਬਾ! ਤੇਰੇ ਤੇ ਸਤਿਗੁਰੂ ਜੀ ਦੀ ਬੜੀ ਮਿਹਰ ਜਿਸ ਨੂੰ ਇਹ ਨਜ਼ਰੀਂ ਆਇਆ ਹੈ''।

''ਪਰ ਜਿਹੜਾ ਮੈਥੋਂ ਅੱਜ ਕੁਕਰਮ ਹੋਇਆ ਹੈ, ਉਹ ਕੁਕਰਮ ਨਹੀਂ ਬਜਰ ਪਾਪ ਹੈ, ਬਜਰ ਪਾਪ''।

''ਹੈਂ ਪਾਪ''?

''ਅੱਜ ਇਹ ਬੈਲ, ਬੜੇ ਚਾਉ ਨਾਲ ਗੁਰੂ ਕੇ ਲੰਗਰ ਵਾਸਤੇ ਅੰਨ ਲਿਆ ਰਹੇ ਸਨ। ਗੱਡਾ ਬੋਰੀਆਂ ਨਾਲ ਟੀਸੀ ਤਕ ਭਰਿਆ ਪਿਆ ਸੀ। ਇਹ ਬੜੀ ਛੋਲ੍ਹੀ ਛੋਲ੍ਹੀ ਕਦਮ ਪੁੱਟ ਰਹੇ ਸਨ, ਕਿ ਡੇਰੇ ਪੁੱਜ ਕੇ ਗੁਰੂ ਜੀ ਦੀਆਂ ਖ਼ੁਸ਼ੀਆਂ ਪਰਾਪਤ ਕਰੀਏ। ਅਚਾਨਕ ਰਾਹ ਵਿਚ ਰੇਤਾ ਆ ਗਿਆ। ਪੁੱਤਰ! ਭਲੇ ਕੰਮ ਦੇ ਰਾਹ ਵਿਚ ਸਦਾ ਹੀ ਰੇਤਾਂ ਆਉਂਦੀਆਂ ਹਨ। ਇਹ ਰਾਹ ਬੜਾ ਬਿਖੜਾ ਹੈ। ਗੱਡੇ ਦੇ ਰਾਹ ਵਿਚ ਰੇਤਾ ਆ ਗਿਆ। ਪਹੀਆ ਰੇਤੇ ਵਿਚ ਜਾ ਫਸਿਆ। ਇਹਨਾਂ ਗੁਰੂ ਦਿਆਂ ਸੇਵਾਦਾਰਾਂ ਪੂਰਾ ਤਾਣ ਲਾਇਆ। ਮੁੜਕੋ ਮੁੜ੍ਹਕਾ ਹੋ ਖਲੋਤੇ। ਸਾਹੋ ਸਾਹ ਹੋ ਗਏ। ਤਿੱਖੇ ਸਾਹ ਨੇ ਖਲਾਂ ਨੂੰ ਪੋਲਾ ਕਰ ਦਿੱਤਾ, ਪਰ ਜਿਉਂ ਜਿਉਂ ਇਹ ਜ਼ੋਰ ਲਾਉਣ ਪਹੀਏ ਹੋਰ ਧਸਦੇ ਜਾਣ, ਮੈਂ ਮੂਰਖ ਦੀ ਮਤ ਮਾਰੀ ਗਈ। ਮੇਰੇ ਨਿਕਾਰੇ ਹੱਥਾਂ ਨੂੰ ਉਹ ਪੁਰਾਣੀ ਬਾਣ ਆ ਪਈ। ਇਕ ਛਾਂਟਾ ਬੈਲ ਦੀ ਪਿੱਠ ਤੇ ਮਾਰਿਆ, ਬਲਦ ਖਲੋ ਗਏ।

ਉਹਨਾਂ ਦੀਆਂ ਅੱਖਾਂ ਜਲ ਨਾਲ ਤਰ ਹੋ ਗਈਆਂ। ਇਕ ਦੋ ਤੁਪਕੇ ਧਰਤੀ ਤੇ ਜਾ ਡਿੱਗੇ, ਜਿਹੜੇ ਮਾਂ ਗੋਦੀ ਵਿਚ ਸਮਾਉਣ ਤੋਂ ਪਹਿਲਾਂ ਮੈਨੂੰ ਫਿਟਕਾਰਾਂ ਪਾ ਰਹੇ ਸਨ ਪਾਮਰਾ! ਨਿਰਦੋਸ਼ ਨੂੰ ਮਾਰਨਾ ਪਾਪ ਹੈ। ਨਿਸ਼ਕਾਮ ਸੇਵਾ ਕਰ ਰਹੇ ਤੇ ਹੱਥ ਉਠਾਉਣਾ ਜ਼ੁਲਮ ਹੈ। ਪੂਰੇ ਜ਼ੋਰ ਨਾਲ ਲੜ ਰਹੇ ਜੋਧੇ ਨੂੰ ਮੰਦਾ ਬੋਲ ਬੋਲਣਾ, ਘੋਰ ਅਨਿਆਇ ਹੈ, ਰਾਹੇ ਰਾਹ ਜਾਂਦਿਆਂ ਦੇ ਅੱਗੇ ਕੰਡੇ ਖਲਾਰਦੇ ਪਸ਼ੂ ਪੁਣਾ ਹੈ, ਕਿਸੇ ਦੇ ਦਿਲ ਨੂੰ ਠੋਕਰ ਮਾਰਨੀ ਨਿਰਦਯਤਾ ਹੈ। ਸੂਰਜ ਭਗਵਾਨ ਉਸ ਵੇਲੇ ਮੈਨੂੰ ਲਾਲ ਲਾਲ ਬਾਣ ਮਾਰਨੇ ਸ਼ੁਰੂ ਕਰ ਦਿੱਤੇ। ਸਰ ਸਰ ਕਰਦੀ ਪੌਣ ਮੈਨੂੰ ਲਾਹਨਤਾਂ ਪਾਉਣ ਲੱਗ ਪਈ। ਪਰਕਿਰਤੀ ਮੇਰੇ ਤੇ ਕਰੋਪਵਾਨ ਹੋ ਮੇਰੇ ਵਲ ਘੂਰਨ ਲੱਗ ਪਈ, ਮੇਰੇ ਕੰਨਾਂ ਵਿਚ ਬਾਬਾ ਫ਼ਰੀਦ ਦੇ ਸ਼ਬਦ ਗੂੰਜਣ ਲੱਗ ਪਏ:-

ਦੁੱਖ ਨਾ ਦੇਈ ਕਿਸੇ ਜੀਅ,
ਪਤਿ ਸਿਉ ਘਰ ਜਾਵਉ।

ਮੈਂ ਗੱਡੇ ਤੋਂ ਉਤਰਿਆ, ਬਲਦਾਂ ਅੱਗੇ ਹੱਥ ਜੋੜੇ। ਮਾਫ਼ੀ ਮੰਗੀ, ਗੁਰੂ ਜੀ ਦੇ ਚਰਨਾਂ ਵਿਚ ਅਰਦਾਸਾ ਕੀਤਾ, ਭੁੱਲ ਬਖਸ਼ਵਾਈ। ਫੇਰ ਪੰਜ-ਸੱਤ ਬੋਰੀਆਂ

ਗੱਡੇ ਤੋਂ ਲਾਹੀਆਂ। ਪਹੀਆਂ ਅੱਗੋਂ ਰੇਤਾ ਹਟਾਇਆ ਬਲਦਾਂ ਦਾ ਮੁੜਕਾ ਪਰਨੇ ਨਾਲ ਪੂੰਝਿਆ, ਅੱਗੋਂ ਫੜ ਕੇ ਟੋਰਿਆ ਤਾਂ ਗੱਡਾ ਨਿਕਲਿਆ। ਗੁਰੂ ਜੀ ਦਾ ਹਜ਼ਾਰ ਹਜ਼ਾਰ ਸ਼ੁਕਰ ਕੀਤਾ ਤੇ ਡੇਰੇ ਪੁੱਜੇ ਪਰ ਰਾਤ ਨੀਂਦ ਨਾ ਆਈ, ਬਿਰਤੀ ਨ ਜੁੜੀ। ਪਾਠ ਨਹੀਂ ਹੋਇਆ ਮਾਲਾ ਤੇ ਹੱਥ ਨਹੀਂ ਗਿਆ, ਅੰਗ ਅੰਗ ਦੁਖ ਰਿਹਾ ਸੀ। ਹੱਡੀਆਂ ਮੇਰੀਆਂ ਚੂਰਾ ਚੂਰਾ ਹੋਈਆਂ ਜਾਪਦੀਆਂ ਹਨ। ਗੁਰੂ ਜੀ ਬਾਹਰ ਗਏ ਹੋਏ ਹਨ। ਇਹਨਾਂ ਵਹਿਣਾਂ ਵਿਚ ਹਜ਼ੂਰ ਦੀ ਉਡੀਕ ਕਰ ਰਿਹਾ ਸਾਂ ਕਿ ਉਹ ਕਦ ਆਉਣ ਤੇ ਭੁੱਲ ਬਖਸ਼ਾਵਾਂ।

ਬੁਰੇ ਦਾ ਭਲਾ

ਬੁਰਿਆਂ ਨਾਲ ਸਭ ਬੁਰਾ ਕਮਾਂਦੇ,
ਮਾਫ ਕਰਣ ਕਈ ਸਿਆਣੇ।
ਬੁਰਿਆਂ ਨਾਲ ਫਿਰ ਨੇਕੀ ਕਰਨੀ,
ਇਹ ਗੁਰੂ ਨਾਨਕ ਜਾਣੇ ।

ਅੰਗਰੇਜ਼ ਨੇ ਪੰਜਾਬ ਤੇ ਕਬਜ਼ਾ ਕਰ ਲਿਆ। ਉਸ ਨੇ ਸਿੱਖਾਂ ਨੂੰ ਖੇਰੂੰ ਖੇਰੂੰ ਕਰਨ ਹਿਤ ਨਵੀਂ ਚਾਲ ਚੱਲੀ। ਜਿੱਥੇ ਹਿੰਦੂ ਮੁਸਲਮਾਨਾਂ ਵਿਚ, ਹਿੰਦੂ ਹਿੰਦੂਆਂ ਵਿਚ, ਸਿੱਖ ਸਿੱਖਾਂ ਵਿਚ ਪਾੜ ਪਾਉਣ ਦਾ ਜਤਨ ਕੀਤਾ, ਇਹਦੇ ਨਾਲ ਹੀ ਪੰਜਾਬ ਵਿਚ ਜਿਊਂਦੀ ਕੌਮ, ਸਿੱਖ ਕੌਮ ਨੂੰ ਖੇਰੂੰ ਖੇਰੂੰ ਕਰਨ ਵਿਚ ਕੋਈ ਕਸਰ ਨਾ ਛੱਡੀ। ਆਜ਼ਾਦੀ ਦੇ ਪੁਜਾਰੀ ਨਾਮਧਾਰੀ ਬੀਰਾਂ ਖ਼ਿਲਾਫ਼ ਇਹ ਭੜਕਾਹਟ ਪਾ ਦਿੱਤੀ, ਕਿ ਇਹ ਸਿੱਖ ਨਹੀਂ, ਇਹ ਕਲਾਮ ਪੜ੍ਹਦੇ ਹਨ ਤੇ ਗ੍ਰੰਥ ਸਾਹਿਬ ਨੂੰ ਗੁਰੂ ਨਹੀਂ ਮੰਨਦੇ। ਉਹਨਾਂ ਦੇ ਇਸ਼ਾਰੇ ਤੇ ਨੱਚਦੇ ਪੁਜਾਰੀਆਂ ਨੇ ਗੁਰੂ ਰਾਮ ਸਿੰਘ ਜੀ ਨੂੰ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਨਾ ਕਰਨ ਦਿੱਤੇ ਅਤੇ ਸਾਰੇ ਗੁਰਦੁਆਰਿਆਂ ਵਿਚ ਚਿੱਠੀਆਂ ਫੇਰ ਦਿੱਤੀਆਂ ਕਿ ਇਹ ਤਨਖਾਈਏ ਹਨ। ਇਹਨਾਂ ਨੂੰ ਗੁਰਧਾਮਾਂ ਦੇ ਦਰਸ਼ਨ ਨਾ ਕਰਨ ਦਿੱਤੇ ਜਾਣ। ਮਗਰ ਸ਼ਮ੍ਹਾਂ ਦੀ ਲਾਟ ਨਿਕਲੀ ਹੋਵੇ ਤਾਂ ਪਰਵਾਨੇ ਕਦੋਂ ਪਿਛਾਂਹ ਹੱਟਦੇ ਹਨ।

ਸੰਤ ਅਤਰ ਸਿੰਘ ਜੀ ਗਰੇਵਾਲੀਏ ਸਰਦਾਰਾਂ ਵਿਚੋਂ ਸਨ। ਆਪ ਗੁਰੂ ਘਰ ਦੇ ਬੜੇ ਟਹਿਲੂਏ ਤੇ ਸ਼ਰਧਾਲੂ ਸਨ। ਇਕ ਵੇਰ ਸ੍ਰੀ ਮੁਕਤਸਰ ਗੁਰਦੁਆਰੇ ਦੇ ਦਰਸ਼ਨ ਕਰਨ ਗਏ। ਜਿਸ ਵੇਲੇ ਸੰਤ ਜੀ ਤੰਬੂ ਸਾਹਿਬ ਗੁਰਦੁਆਰੇ ਦੇ ਅੰਦਰ ਗਏ ਤਾਂ ਪੁਜਾਰੀ ਅੱਗੋਂ ਖਖਿਆ ਕੇ ਪੈ ਗਿਆ। ਤੂੰ ਕੌਣ ਹੈਂ? ਕੂਕਾ? ਤੁਸੀਂ ਕਲਾਮ ਪੜ੍ਹਦੇ ਹੋ? ਤੁਸੀਂ ਤਨਖਾਈਏ ਹੋ? ਤੂੰ ਅੰਦਰ ਨਹੀਂ ਜਾ ਸਕਦਾ। ਸੰਤਾਂ ਨੇ ਨਿਮਰਤਾ ਸਹਿਤ ਕਿਹਾ ਸਿੰਘ ਸਾਹਿਬ ਜੀ! ਮੈਂ ਦੂਰੋਂ ਆਸ ਕਰ ਕੇ ਆਇਆ ਹਾਂ ਮੈਨੂੰ ਨਿਰਾਸ਼ ਨਾ ਕਰੋ ਮੈਂ ਹੁਣ ਆ ਗਿਆ ਹਾਂ, ਸਤਿਗੁਰੂ ਤੇਰਾ ਭਲਾ ਕਰੇ। ਪੁਜਾਰੀ ਅਜੇ ਕੁਝ ਕਹਿਣ ਲੱਗਾ ਹੀ ਸੀ ਕਿ ਇਕ ਨਿਹੰਗ ਸਿੰਘ ਨੇ ਠਾਹ ਕਰਕੇ ਭੰਗ ਘੋਟਣਾ ਸੰਤ ਅਤਰ ਸਿੰਘ ਦੇ ਸਿਰ ਵਿਚ ਦੇ ਮਾਰਿਆ। ਸੰਤ ਜੀ ਪਟੜੇ ਵਾਂਗ ਧਰਤੀ ਤੇ ਜਾ ਡਿੱਗੇ, ਲਹੂ ਦੀਆਂ ਧਾਰਾਂ ਫੁਟ ਪਈਆਂ। ਨਿਹੰਗ ਤਾਂ ਮਾਰਦਿਆਂ ਔਹ ਗਿਆ, ਅਹ ਗਿਆ। ਪਰ ਥੋੜ੍ਹੇ ਸਮੇਂ ਪਿਛੋਂ ਸੰਤਾਂ ਨੂੰ ਹੋਸ਼ ਆਈ, ਸੰਤਾਂ ਨੇ ਮੁੱਖੋਂ ਉਚਾਰਿਆ "ਧੰਨ ਚੀਨੀ ਵਾਲਾ ਪਾਤਸ਼ਾਹ। ਧੰਨ ਸਤਿਗੁਰੂ ਰਾਮ ਸਿੰਘ ਜੀ। ਧੰਨ ਸਤਿਗੁਰੂ ਹਰੀ ਸਿੰਘ ਜੀ।" ਇਤਨਾ ਕਹਿ ਡਿਗਦੇ ਢਹਿੰਦੇ ਨਾਮਧਾਰੀ ਡੇਰੇ ਪੁੱਜ ਗਏ।

ਡੇਰੇ ਵਾਲੇ ਸਿੰਘਾਂ ਸੰਤਾਂ ਦੇ ਜ਼ਖ਼ਮ ਧੋਤੇ, ਮਰਹਮ ਪੱਟੀ ਕੀਤੀ। ਬੜੀ ਟਹਿਲ ਸੇਵਾ ਕੀਤਾ, ਥੋੜ੍ਹੇ ਦਿਨਾਂ ਵਿਚ ਸੰਤਾਂ ਦੇ ਜ਼ਖ਼ਮ ਭਰ ਗਏ। ਸੰਤ ਆਪ ਅੰਦਰ ਬਾਹਰ ਜਾਣ ਲੱਗ ਪਏ। ਹਰ ਵੇਲੇ ਰਸਨਾਂ ਚਲਦੀ ਰਹੇ ਅੱਠੇ ਪਹਿਰ ਮਸਤ ਰਹਿਣ, ਮਾਰਨ ਵਾਲੀ ਵਿਥਿਆ ਤੇ ਉਸ ਭੜੂਏ ਨਿਹੰਗ ਦਾ ਕਦੀ ਭੋਗ ਨਾ ਪਾਇਆ।

ਉਨ੍ਹਾਂ ਦਿਨਾਂ ਵਿਚ ਇਲਾਕੇ ਵਿਚ ਪਲੇਗ ਫੈਲੀ ਹੋਈ ਸੀ ਇਤਨੀਆਂ ਮੌਤਾਂ ਹੁੰਦੀਆਂ ਸਨ ਕਿ ਸਾਂਭਣੀਆਂ ਮੁਸ਼ਕਲ ਸਨ। ਇਸ ਸਮੇਂ ਕਈ ਸ਼ਹਿਰਾਂ ਵਿਚ ਸਰਕਾਰ ਵੱਲੋਂ ਮੁਰਦਿਆਂ ਨੂੰ ਸਾਂਭਣ ਵਾਸਤੇ ਤੇ ਬਿਮਾਰੀ ਦੀ ਰੋਕ ਵਾਸਤੇ ਕਈ ਕਰਮਚਾਰੀ ਲੱਗੇ ਹੋਏ ਸਨ, ਉਨ੍ਹਾਂ ਦੇ ਭਾ ਦੀ ਬਣੀ ਹੋਈ ਸੀ। ਕਈ ਵਾਰੀ ਤਾਂ ਮੁਰਦਿਆਂ ਨਾਲ ਸਿਸਕਦਿਆਂ ਨੂੰ ਬਾਹਰ ਲੈ ਜਾਂਦੇ ਸਨ।

ਦੇਵਨੇਤ ਓਹ ਨਿਹੰਗ ਸਿੰਘ ਵੀ ਬਿਮਾਰੀ ਦਾ ਸ਼ਿਕਾਰ ਹੋ ਗਿਆ। ਸਰਕਾਰੀ ਕਰਮਚਾਰੀ ਉਸਨੂੰ ਬਾਹਰ ਸ਼ਮਸ਼ਾਨਾਂ ਵਿਚ ਜਾ ਸੁਟਿਆ। ਮਗਰ ਉਸ ਦੇ ਤਰਲੇ ਮਿੰਨਤਾਂ ਤੇ ਫੂਕਣ ਦੀ ਬਜਾਏ ਇਕ ਝਾੜੀ ਕੋਲ ਸੁੱਟ ਕੇ ਤੁਰ ਆਏ।

ਸੰਤ ਅਤਰ ਸਿੰਘ ਜੀ ਸਤਿਗੁਰਾਂ ਦੀ ਕ੍ਰਿਪਾ ਨਾਲ ਤੁਰਨ ਫਿਰਨ ਲੱਗ ਪਏ ਸਨ। ਇਕ ਦਿਨ ਜਦ ਅੰਮ੍ਰਿਤ ਵੇਲੇ ਬਾਹਰ ਗਏ ਤਾਂ ਝਾੜੀ ਲਾਗਿਓਂ ਹਾਏ! ਹਾਏ!! ਦੀ ਆਵਾਜ਼ ਕੰਨੀ ਪਈ। ਸੰਤ ਜੀ ਉਸ ਝਾੜੀ ਪਾਸ ਪੁੱਜੇ ਤਾਂ ਨਿਹੰਗ ਨੇ ਬੜੀ ਕਰੁਣਾ ਭਰੇ ਲਹਿਜੇ ਨਾਲ ਕਿਹਾ, "ਹੇ ਪਿਆਰੇ ਮੇਰੇ ਤੇ ਕ੍ਰਿਪਾ ਕਰ। ਮੈਂ ਮੌਤ ਤੋਂ ਪਹਿਲੇ ਹੀ ਮਰ ਰਿਹਾ ਹਾਂ, ਮੇਰੇ ਕੁਝ ਸਵਾਸ ਬਾਕੀ ਹਨ ਬੁਚੜ ਡਾਕਟਰ ਮੈਨੂੰ ਬਾਹਰ ਸੁੱਟ ਗਏ ਹਨ ਮੇਰਾ ਕੋਈ ਨਹੀਂ। ਮੇਰੇ ਤੇ ਦਇਆ ਕਰੋ। ਮੈਨੂੰ ਕਿਸੇ ਡੇਰੇ ਲੈ ਚਲੋ, ਸਤਿਗੁਰ ਤੇਰਾ ਭਲਾ ਕਰੇਗਾ"।

ਸਤਿਗੁਰਾਂ ਨੇ ਨਾਮਧਾਰੀਆਂ ਨੂੰ ਸਿੱਖਿਆ ਹੀ ਇਹ ਦਿੱਤੀ ਹੈ ਕਿ ਮੇਰੇ ਸਿੱਖ ਆਪ ਤਾਂ ਦੁੱਖ ਭਾਵੇਂ ਉਠਾਏ ਪਰ ਦੂਸਰੇ ਦੀ ਜਿੱਥੋਂ ਤੱਕ ਵਾਹ ਲੱਗੇ ਦੁੱਖ ਤੋਂ ਬਚਾਏ। ਸੰਤ ਅਤਰ ਸਿੰਘ ਜੀ ਅੱਗੇ ਹੀ ਦਇਆ ਦੀ ਮੂਰਤੀ ਸਨ, ਨਿਹੰਗ ਨੂੰ ਪਿੱਠ ਤੇ ਚੁੱਕ ਲਿਆ ਤੇ ਡੇਰੇ ਲੈ ਆਏ।

ਡੇਰੇ ਲਿਆ ਉਸਨੂੰ ਜਲ ਛਕਾਂਦਿਆਂ ਮੁੱਠੀ ਚਾਪ ਕੀਤੀ ਤੇ ਦਵਾ ਦਾਰੂ ਕਰਾਉਣਾ ਆਰੰਭ ਕੀਤਾ। ਪਰ ਸੰਤ ਅਤਰ ਸਿੰਘ ਜੀ ਕਿਹਾ, "ਮੈਨੂੰ ਵੀ ਸੇਵਾ ਕਰ ਲੈਣ ਦਿਓ। ਮੇਰਾ ਵੀ ਜਨਮ ਸਫਲ ਹੋ ਜਾਵੇ। ਪਤਾ ਨਹੀਂ ਕਿੰਨੇ ਜਨਮਾਂ ਤੋਂ ਸਤਿਗੁਰਾਂ ਤੋਂ ਵਿਛੜੇ ਹੋਏ ਹਾਂ। ਹੁਣ ਤਾਂ ਵਾਹ ਲਾ ਲਈਏ।" ਸੰਤਾਂ ਜ਼ਖ਼ਮੀ ਹੁੰਦਿਆਂ ਵੀ ਉਸ ਨਿਹੰਗ ਦੀ ਟਹਿਲ ਕੀਤੀ। ਕੀ ਦਿਨ? ਕੀ ਰਾਤ? ਉਸ ਦਾ ਜੰਗਲ ਪਿਸ਼ਾਬ ਆਪ ਬਾਹਰ ਜਾ ਸੁਟਣਾ।

ਇਕ ਬੰਦਗੀ, ਦੂਜੇ ਬੰਦਗੀ ਵਾਲੇ ਹੱਥਾਂ ਦੀ ਸੇਵਾ ਨੇ ਨਿਹੰਗ ਸਿੰਘ ਨੂੰ ਨਵਾਂ ਜਨਮ ਦੇ ਦਿੱਤਾ। ਨਿਹੰਗ ਦਿਨਾਂ ਵਿਚ ਰਾਜ਼ੀ ਹੋ ਗਿਆ। ਸੇਵਾ ਕਰਦਿਆਂ ਸੰਤ ਅਤਰ ਸਿੰਘ ਜੀ ਨੇ ਪਛਾਣ ਲਿਆ ਕਿ ਉਹੋ ਨਿਹੰਗ ਹੈ,

ਜਿਸ ਸਲੋਤਰ ਮਾਰਿਆ ਸੀ ਤੇ ਨਿਹੰਗ ਸਿੰਘ ਵੀ ਪਛਾਣ ਕਰ ਲਈ ਕਿ ਉਹੀ ਸਿੱਖ ਹੈ, (ਜੀਹਦੇ ਮੈਂ ਪ੍ਰਾਣ ਲੈਣੇ ਚਾਹੇ ਸਨ) ਪਰ ਸੰਤਾਂ ਜਤਾਇਆ ਤਕ ਨਹੀਂ। ਸਗੋਂ ਹੋਰ ਪ੍ਰੇਮ ਨਾਲ ਸੇਵਾ ਕਰਨ ਲੱਗ ਪਏ।

ਨਿਹੰਗ ਸਿੰਘ ਮੰਜੇ ਤੋਂ ਉੱਠਿਆ ਤੇ ਸੰਤਾਂ ਦੇ ਚਰਨਾਂ ਤੇ ਢਹਿ ਪਿਆ ਤੇ ਇੱਕੋ ਮੁਹਾਰਨੀ ਪੜ੍ਹੀ ਜਾਵੇ, "ਬਖਸ਼ੋ! ਬਖਸ਼ੋ!! ਮੈਂ ਭੁੱਲਾ! ਮੈਂ ਮੂਰਖ! ਮੈਂ ਗੁਮਰਾਹ, ਮੇਰੇ ਤੇ ਤਰਸ ਕਰੋ। ਮੈਨੂੰ ਨਰਕਾਂ ਤੋਂ ਬਚਾਓ, ਮੈਂ ਤੁਹਾਨੂੰ ਨਹੀਂ ਸਾਂ ਸਮਝ ਸਕਿਆ।" ਸੰਤਾਂ ਕਹਿਆ, "ਕਿਉਂ ਸਿੰਘ ਸਾਹਿਬ ਜੀ ਕੀ ਗੱਲ ਏ? ਸਿੱਖ ਦਾ ਧਰਮ ਹੈ, ਸਿੱਖ ਦੀ ਸੇਵਾ ਗੁਰੂ ਸਮਾਨ ਕਰੇ। ਮੈਂ ਫ਼ਰਜ਼ ਤੋਂ ਵਧੀਕ ਕੁਝ ਨਹੀਂ ਕਰ ਸਕਿਆ। ਸ਼ੁਕਰ ਹੈ, ਚੀਨੀ ਵਾਲੇ ਪਾਤਸ਼ਾਹ ਨੇ ਇਹ ਅਪਵਿੱਤਰ ਹੱਥਾਂ ਨੂੰ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਦੇ ਸੇਵਾ ਕਰਨ ਦਾ ਅਵਸਰ ਮਿਲਿਆ ਹੈ। ਗੁਰੂ ਹਰੀ ਸਿੰਘ ਤੁਹਾਡੇ ਕਸ਼ਟਾਂ ਦੀ ਝਬਦੇ ਨਵਿਰਤੀ ਕਰਨ ਤੇ ਬਖਸ਼ਣ।" ਸੰਤਾਂ ਦੇ ਇਨ੍ਹਾਂ ਮਿੱਠੇ ਬਚਨਾਂ ਨੇ ਨਿਹੰਗ ਦੇ ਤਪਦੇ ਹਿਰਦੇ ਤੇ ਅੰਮ੍ਰਿਤ ਦਾ ਕੰਮ ਕੀਤਾ। ਚਰਨਾਂ ਤੇ ਢਹਿ ਪਿਆ, ਰੋਈ ਜਾਵੇ ਤੇ ਕੂਕੀ ਜਾਵੇ। "ਮੈਂ ਪਾਪੀ, ਮੈਂ ਗੁਨਾਹਗਾਰ, ਮੈਂ ਪਾਸਰ, ਮੈਨੂੰ ਵੀ ਉਸ ਸਤਿਗੁਰ ਦੇ ਚਰਨਾਂ ਦੀ ਧੂੜੀ ਮੱਥੇ ਲਵਾਉ, ਜਿਨ੍ਹਾਂ ਤੁਹਾਨੂੰ ਇਹ ਰਾਹ ਦੱਸਿਆ ਹੈ। ਮੈਂ ਕੁਰਬਾਨ, ਮੈਂ ਸਦਕੇ, ਜਿਨ੍ਹਾਂ ਨੂੰ ਇਹ ਗਿਆਨ ਹੋ ਗਿਆ। ਹੁਣ ਮੇਰੇ ਤੇ ਕਿਰਪਾ ਕਰੋ, ਜਿੱਥੇ ਪ੍ਰਾਣ ਬਖਸ਼ੇ ਜੇ, ਉੱਥੇ ਜੀਆ ਦਾਨ ਝੋਲੀ ਭਰ ਦਿਉ। ਜਨਮਾਂ ਦਾ ਕੋਹੜ ਦੂਰ ਕਰ ਦਿਉ, ਉਸ ਪਾਤਸ਼ਾਹ ਦੀ ਸ਼ਰਨੀ ਲੈ ਚਲੋ ਜਿੱਥੇ ਇਹ ਸੌਦਾ ਮਿਲਦਾ ਹੈ। ਮੈਨੂੰ ਆਪਣੇ ਵਰਗਾ ਬਣਾ ਲਵੋ, ਆਪਣੇ ਨਾਲ ਰਲਾ ਲਵੋ।"

ਸੰਤ ਅਤਰ ਸਿੰਘ ਜੀ ਤੁਰ ਪਏ, ਲਾਗੇ ਦੇ ਸਿੰਘ ਨੂੰ ਭਜਨ ਦੱਸਣ ਲਈ ਕਿਹਾ। ਉਨ੍ਹਾਂ ਮਾਸ ਨਾ ਖਾਣ ਦਾ ਪ੍ਰਣ ਲਿਆ। ਮਰਯਾਦਾ ਦੱਸੀ ਤੇ ਕੰਨ ਵਿਚ ਫੂਕ ਮਾਰ ਦਿੱਤੀ। ਸਿੰਘ ਸਾਹਿਬ ਬੇਸੁਧ ਹੋ ਕੇ ਜਾ ਪਿਆ। ਕਿੰਨਾ ਚਿਰ ਬਿਦੇਹ ਪਿਆ ਰਿਹਾ। ਖੁਮਾਰੀ ਉਤਰੀ ਤਾਂ ਫੇਰ ਕਿਹਾ, "ਮੈਨੂੰ ਉਸ ਦੇਸ ਦੀ ਪੌਣ ਖਵਾਉ ਜਿੱਥੋਂ ਪਾਸਰ ਰੂਹਾਂ ਵਰੋਸਾਈਆਂ ਜਾਂਦੀਆਂ ਹਨ। ਹੁਣ ਦੇਰ ਨਾ ਕਰੋ ਬਖਸ਼ੋ", ਇਹ ਕਹਿ ਫਿਰ ਚਰਨਾਂ ਤੇ ਢਹਿ ਪਿਆ।

ਸੰਤਾਂ ਗਲ ਨਾਲ ਲਾਇਆ, ਨਾਲ ਲੈ ਭੈਣੀ ਸਾਹਿਬ ਆਏ। ਗੁਰੂ ਹਰੀ ਸਿੰਘ ਜੀ ਦੇ ਚਰਨ ਪਰਸੇ ਮਾਤਾ ਜੀ ਦੇ ਦਰਸ਼ਨ ਕੀਤੇ। ਦੇਵੀ-ਦੇਵਤਿਆਂ ਦੀ ਸੰਗਤ ਕੀਤੀ ਤੇ ਬਾਕੀ ਦੀ ਉਮਰ ਲੋਹ ਦੀ ਸੇਵਾ ਵਿਚ ਗੁਜ਼ਾਰੀ।

ਸੇਵਾ ਦੀ ਮੂਰਤੀ

"ਮਾਸਟਰ ਜੀ।"

"ਜੀ ਹਾਂ।"

"ਆਓ ਤੁਹਾਨੂੰ ਸਾਧੂ ਦੇ ਦਰਸ਼ਨ ਕਰਾਵਾਂ।"

"ਧੰਨ ਭਾਗ, ਬੜੀ ਮਿਹਰ, ਜੇ ਸਾਧੂ ਦੇ ਦਰਸ਼ਨ ਹੋ ਜਾਣ।"

"ਲਓ ਕਰੋ ਦਰਸ਼ਨ ਅਤੇ ਨਾਲ ਹੀ, ਇਹਨਾਂ ਪਾਸੋਂ ਇਹਨਾਂ ਦੀ ਹੱਡ-ਬੀਤੀ ਸੁਣੋ" ਸੰਤ ਰਤਨ ਸਿੰਘ ਜੀ ਇਕ ਲੰਮੇ, ਪਤਲੇ ਮੱਥੇ ਤੇ ਝੁਰੜੀਆਂ, ਅੱਖਾਂ ਵਿਚ ਚਮਕ, ਗਲ ਵਿਚ ਖੁੱਲ੍ਹਾ ਕੁੜਤਾ, ਸਿਰ ਤੇ ਖੱਦਰ ਦਾ ਪਰਨਾ, ਰਸਨਾ ਤੇ ਨਾਮ, ਹੱਥ ਵਿਚ ਮਾਲਾ ਵਾਲੇ ਬਿਰਧ ਵਲ ਇਸ਼ਾਰਾ ਕਰਦਿਆਂ ਹੋਇਆਂ ਕਿਹਾ। ਮੈਂ ਸੰਤਾਂ ਦੇ ਚਰਨਾਂ ਤੇ ਨਿਮਸਕਾਰ ਕੀਤੀ ਅਤੇ ਅਰਜ਼ ਕੀਤੀ, ਹਾਂ ਮਹਾਰਾਜ ਜੀ ਕਰੋ ਕਿਰਪਾ। ਕਰੋ ਕਿਰਪਾ ਦਾ ਸ਼ਬਦ ਸੁਣ ਸੰਤ ਡੁੱਲ੍ਹ ਪਏ। ਨੇਤਰਾਂ ਵਿੱਚੋਂ ਛਮ-ਛਮ ਨੀਰ ਵਹਿ ਤੁਰਿਆ। ਮੈਂ ਕੌਣ ਕੂਕਰ ਕਿਰਪਾ ਕਰਨ ਵਾਲਾ ਹਾਂ। ਕਿਰਪਾ ਕਰਨ ਵਾਲੇ ਹਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਜਿਹਨਾਂ ਮੈਨੂੰ ਇਹ ਜੀਵਨ ਬਖਸ਼ਿਆ, ਜਿਨ੍ਹਾਂ ਮੇਰੀ ਚੁਰਾਸੀ ਕੱਟੀ" ਸੰਤ ਸਾਉਣ ਸਿੰਘ ਜੀ ਅੱਥਰੂ ਪੂੰਝਦਿਆਂ ਕਿਹਾ।

"ਬਾਬਾ ਜੀ! ਕਿਵੇਂ ਮਿਹਰ ਦਾ ਛਟਾ ਮਿਲਿਆ?"

"ਮੈਨੂੰ ਦੱਸਣਾ ਨਹੀਂ ਆਉਂਦਾ ਮੈਨੂੰ ਬੋਲਣ ਦੀ ਜਾਚ ਨਹੀਂ, ਫੇਰ ਉਨ੍ਹਾਂ ਦੀ ਮਿਹਰ ਦਾ ਕੋਈ ਪਾਰਾਵਾਰ ਹੈ? ਜੇ ਕੋਈ ਰੇਤ ਦੇ ਕਿਣਕਿਆਂ ਨੂੰ ਗਿਨਾਣਾ ਚਾਹੇ ਤਾਂ ਗਿਣ ਸਕਦਾ ਹੈ ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਮਿਹਰਾਂ ਗਿਣਤੀ ਵਿਚ ਨਹੀਂ ਆ ਸਕਦੀਆਂ।"

"ਬਾਬਾ ਜੀ! ਜਿਵੇਂ ਮਰਜ਼ੀ ਆਵੇ ਬਖਸ਼ਸ਼ ਕਰੋ, ਮੇਰੀ ਅੱਡੀ ਝੋਲੀ ਨੂੰ ਖ਼ਾਲੀ ਨਾ ਮੋੜੋ।"

'ਗੱਲ ਤਾਂ ਮੈਨੂੰ ਕੋਈ ਔੜਦੀ ਨਹੀਂ, ਮੇਰੀਆਂ ਅਲਵਲੱਲੀਆਂ ਨੂੰ ਜਿਵੇਂ ਚਾਹੇ ਪਰਵਾਨ ਕਰ ਲਵੋ। ਮੈਂ ਕਿਹਰ ਸਿੰਘ ਜੱਟ ਦੇ ਘਰ ਪਿੰਡ ਜਮਸ਼ੇਰ ਜ਼ਿਲ੍ਹਾ ਲਾਹੌਰ ਵਿਚ ਜਨਮ ਲਿਆ। ਮਾਸਟਰ ਜੀ ਜਨਮ ਕਾਹਦਾ? ਜੇ ਜੂਏ ਹਾਰ ਲਿਆ, ਕੋਈ ਚੰਗਾ ਕੰਮ ਨਾ ਕੀਤਾ। ਖ਼ੈਰ ਮੈਂ ਜਮਸ਼ੇਰ ਦੀਆਂ ਗਲੀਆਂ ਵਿੱਚੋਂ ਦੁੜੱਕੇ ਲਾ-ਲਾ ਵੱਡਾ ਹੋਇਆ। ਸਰੀਰ ਵਿਚ ਫੁਰਤੀ ਆ ਗਈ। ਸ਼ਕਤੀ ਤੇ ਜੋਸ਼ ਠਾਠਾਂ ਮਾਰਨ ਲੱਗ ਪਏ। ਕਦਮਾਂ ਵਿਚ ਏਨੀ ਛੋਹਲ਼ੀ ਆ ਗਈ ਕਿ ਭੱਜੇ ਜਾਂਦੇ ਹਰਨ ਨੂੰ ਫੜ ਲੈਂਦਾ।"

"ਆਦਮੀ ਦੇ ਜੀਵਨ ਵਿਚ ਕਈ ਲਹਾ ਚੜ੍ਹਾ ਆਉਂਦੇ ਹਨ। ਮੇਰੇ ਜੀਵਨ ਵਿਚ ਵੀ ਕਈ ਅਦਲਾ ਬਦਲੀਆਂ ਹੋਈਆਂ। ਉਹਨੀਂ ਦਿਨੀਂ ਨਾਮਧਾਰੀ ਮਹਾਂਪੁਰਖਾਂ ਦੇ ਜਥਿਆਂ ਦੇ ਜਥੇ ਪਿੰਡਾਂ ਵਿਚ ਫਿਰਿਆ ਕਰਦੇ ਸਨ। ਕਲਰਾਂ ਵਿਚ ਕੌਲ ਬੀਜਿਆ ਕਰਦੇ ਸਨ। ਸੁਕਿਆਂ ਤੇ ਸੁੰਞਿਆਂ ਨੂੰ ਹਰਿਆਂ ਭਰਿਆਂ ਕਰਦੇ ਸਨ। ਦੇਵਨੇਤ ਸੰਤ ਫਤਹ ਸਿੰਘ ਜੀ ਮਾਂਗਾ ਸਾਡੇ ਨਗਰ ਆਏ। ਸੰਤਾਂ ਰਾਤੀਂ ਦੀਵਾਨ ਲਾਇਆ, ਢੋਲਕੀ ਵੱਜੀ, ਦੀਵਾਨ ਮਸਤਾਨਿਆਂ ਨਾਲ ਭਰ ਗਿਆ। ਸੰਤਾਂ ਨੇ ਮੇਰੇ ਅੰਦਰਲੇ ਨੂੰ ਜਾ ਟੁੰਬਿਆ। ਮੇਰੇ ਸੁੱਤੇ ਦੇ ਭਾਗ ਜਾਗ ਪਏ। ਸਾਕ ਸੈਣ, ਭੈਣ ਭਰਾ ਭਰਜਾਈਆਂ ਮਤਲਬੀ ਦਿੱਸਣ ਲੱਗ ਪਏ। ਮੈਂ ਸੰਤਾਂ ਅੱਗੇ ਹੱਥ ਜੋੜ ਖਲੋਤਾ, ਸੰਤ ਝੂਠੇ ਪਏ। ਕੰਨ ਵਿਚ ਫੂਕ ਮਾਰ ਦਿੱਤੀ ਬਸ......।

ਕਬੀਰ ਸਤਿਗੁਰੂ ਸੂਰਮੇ ਬਾਹਿਆ ਬਾਣ ਜੋ ਏਕ,
ਲਾਗਤ ਹੀ ਭੋਏ ਗਿਰ ਪੜਾ, ਪਰਾ ਕਲੇਜੇ ਛੇਕ।

ਮਾਸਟਰ ਜੀ! ਕਬੀਰ ਅੰਦਰ ਤਾਂ ਛੇਕ ਪਿਆ ਸੀ, ਮੇਰੇ ਅੰਦਰ ਮਘੋਰਾ ਹੋ ਗਿਆ। ਫੱਟੜ ਹੋਇਆ ਸੰਤਾਂ ਦੇ ਪਿੱਛੇ ਟੁਰਨ ਲੱਗ ਪਿਆ, ਜਿੱਧਰ ਸੰਤ ਜਾਣ ਮੈਂ ਵੀ ਮਗਰੇ ਮਗਰ। ਸੰਤਾਂ ਦੇ ਜਥੇ ਨਾਲ ਲੱਕ ਬੰਨ੍ਹੀ ਸਾਲ ਭਰ ਰਿਹਾ। ਨਾ ਖਾਣ ਦਾ ਸ਼ੌਕ ਨਾ ਪੀਣ ਦਾ ਸ਼ੌਕ।

ਕਰਮਾ ਨੇ ਫੇਰ ਇਕ ਗੇੜ ਦਿੱਤਾ। ਸੰਤਾਂ ਨੂੰ ਛੱਡ ਦਿੱਤਾ। ਫ਼ੌਜ ਵਿਚ ਨਾਵਾਂ ਲਿਖਵਾਇਆ। ਭਰਤੀ ਕਰਕੇ ਸਾਨੂੰ ਕੋਹਾਟ ਲੈ ਗਏ। ਐਬ ਕੋਈ ਹੈ ਨਹੀਂ ਸੀ। ਵੈਲੀ ਮੈਂ ਨਹੀਂ ਸਾਂ, ਥੋੜ੍ਹੇ ਦਿਨਾਂ ਵਿਚ ਚੰਗੇ ਸਿਪਾਹੀਆਂ ਵਿਚ ਗਿਣਿਆ ਜਾਣ ਲੱਗ ਪਿਆ। ਮਗਰ ਨਾਮ ਨੇ ਏਥੇ ਵੀ ਪਿੱਛਾ ਨਾ ਛੱਡਿਆ। ਮਾਸ ਮੈਂ ਨਾ ਖਾਧਾ, ਸ਼ਰਾਬ ਦੇ ਲਾਗੇ ਮੈਂ ਨਾ ਗਿਆ, ਸਵੇਰੇ ਉੱਠਦਾ, ਇਸ਼ਨਾਨ ਕਰਦਾ, ਜਿੰਨੀ ਹੋ ਸਕਦਾ ਮਾਲਾ ਫੇਰਦਾ, ਸਾਧੂ ਬਚਨ ਕਿਹਾ ਕਰਦੇ ਸਨ ਕਿ ਸਤਿਗੁਰ ਦਾ ਹੁਕਮ ਹੈ ਕਿ ਭਜਨ ਲਸੂੜੇ ਦੀ ਗਿਟਕ ਵਰਗਾ ਹੈ, ਜਿਸ ਨੂੰ ਚੰਬੜ ਜਾਵੇ ਪਿੱਛਾ ਨਹੀਂ ਛੱਡਦਾ, ਇਹ ਠੀਕ ਸਾਬਤ ਹੋਇਆ। ਇਸ ਸਾਰੇ ਨਿਤਨੇਮ ਪਿੱਛੋਂ ਪਰੇਡ ਵਿਚ ਜਾਂਦਾ। ਥੋੜ੍ਹੇ ਦਿਨਾਂ ਵਿਚ ਹੀ ਤਕੜਾ ਬੰਦੂਕਚੀ ਬਣ ਗਿਆ। ਮਨ ਵਿਚ ਮਸ਼ੀਨ-ਗਨ ਦੀ ਸਿਖਲਾਈ ਦਾ ਸ਼ੌਕ ਕੁਦਿਆ। ਉਹ ਕਿਹੜਾ ਕੰਮ ਹੈ ਜਿਹੜਾ ਮਰਦ ਨਹੀਂ ਕਰ ਸਕਦਾ। ਮੈਂ ਭਾਵੇਂ ਅਨਪੜ੍ਹ ਸਾਂ, ਪਰ ਮਸ਼ੀਨ-ਗਨ ਦਾ ਚੰਗਾ ਉਸਤਾਦ ਹੋ ਗਿਆ। 80 ਜੁਆਨਾਂ ਨਾਲ ਰਾਵਲਪਿੰਡੀ ਇਮਤਿਹਾਨ ਦੇਣ ਗਿਆ। ਇਹਨਾਂ ਜੁਆਨਾਂ ਵਿਚ ਪੜ੍ਹੇ-ਲਿਖੇ ਵੀ ਸਨ, ਪਰ ਮੈਂ ਮਸ਼ੀਨ-ਗਨ ਨੂੰ ਖੋਲ੍ਹ ਖਾਲ, ਪੁਰਜ਼ਾ-ਪੁਰਜ਼ਾ ਕਰ ਫੇਰ ਜੋੜ ਲੈਂਦਾ ਸਾਂ। ਮੈਂ ਅੱਵਲ ਦਰਜੇ ਤੇ ਪਾਸ ਹੋਇਆ ਅਤੇ ਮੈਨੂੰ ਪਗ ਤੇ ਸੋਨੇ ਦਾ ਤਕਮਾ ਚੰਗੇ ਨੰਬਰਾਂ ਤੇ ਪਾਸ ਹੋਣ ਦਾ ਮਿਲਿਆ। ਸਾਹਿਬ ਏਨਾ ਖ਼ੁਸ਼ ਸੀ, ਕਹਿਣ ਲੱਗਾ "ਸਾਉਣ ਸਿੰਘ ਪੜ੍ਹਾ ਹੋਟਾ ਟੋ ਅਭੀ ਕਿਰਚ ਪਹਿਨਾ ਦੇਤਾ"। ਭਾਵੇਂ ਉਦੋਂ ਮੈਨੂੰ ਸਮਝ ਨਹੀਂ ਸੀ, ਪਰ ਮੈਨੂੰ ਹੁਣ ਪਤਾ ਲੱਗ ਰਿਹਾ ਹੈ ਕਿ ਇਹ

ਕਿਰਪਾ ਕਿਸੇ ਗੁਪਤ ਸ਼ਕਤੀ ਦੀ ਸੀ। ਨਹੀਂ ਤਾਂ ਜੱਟ, ਦੂਜਾ ਅਨਪੜ੍ਹ ਹੋਣ ਸਦਕਾ ਮੈਨੂੰ ਇਤਨੀ ਸੂਝ ਹੋ ਜਾਣੀ ਆਸਾਨ ਨਹੀਂ ਸੀ।

ਤਿੰਨ ਸਾਲ ਮਗਰੋਂ ਵੱਡੀ ਲਾਮ 1914 ਵਿਚ ਲੱਗ ਗਈ। ਸਾਡੀ ਕੰਪਨੀ ਨੂੰ ਮਿਸਰ ਜਾਣਾ ਪਿਆ। ਏਥੇ ਅਸੀਂ ਤਿੰਨ ਸਾਲ ਰਹੇ। ਹਰੇਕ ਵਸਤ ਦਾ ਗਿਆਨ ਤਜਰਬੇ ਨਾਲ ਹੁੰਦਾ ਹੈ। ਫ਼ੌਜ ਦੀ ਨੌਕਰੀ ਉੱਤਮ ਨੌਕਰੀ ਹੈ, ਜੇ ਅਧੀਨ ਹੋ ਗੈਰਾਂ ਦਾ ਹੱਥ ਠੋਕਾ ਬਣ, ਜਾਨਾਂ ਗਵਾਈਆਂ ਜਾਣ, ਤਾਂ ਪਾਪ ਹੈ, ਪਾਪ! ਘੋਰ ਪਾਪ। ਪਰ ਹੁਣ ਗਿਆਨ ਕੁਝ ਨਹੀਂ ਸੀ ਸਵਾਰਦਾ। ਆਪ ਫਾਥੜੀਏ ਤੈਨੂੰ ਕੌਣ ਛੁਡਾਵੇ। ਉੱਥੋਂ ਸਾਨੂੰ 70 ਮੀਲ ਦੂਰ ਛੱਡ ਸ਼ਹਿਰ ਪਹੁੰਚਾ ਦਿੱਤਾ ਗਿਆ। ਉੱਥੇ ਦੁਸ਼ਮਣ ਦੇ ਮੋਰਚੇ ਲਾਗੇ ਹੀ ਸਨ। ਸਾਥੋਂ ਕੁਝ ਦੂਰੀ ਤੇ ਇਕ ਖੂਹ ਸੀ। ਦੁਸ਼ਮਣ ਉੱਥੋਂ ਪਾਣੀ ਭਰਦਾ ਸੀ। ਮੈਨੂੰ ਤੇ ਹੌਲਦਾਰ ਧਾਰਾ ਸਿੰਘ ਨੂੰ ਖੂਹ ਵਿਚ ਜ਼ਹਿਰ ਸੁੱਟਣ ਦਾ ਹੁਕਮ ਹੋਇਆ। ਇੱਥੇ ਧਾਰਾ ਸਿੰਘ ਨੂੰ ਖੂਹ ਵਿਚ ਜ਼ਹਿਰ ਸੁੱਟਣ ਦਾ ਹੁਕਮ ਹੋਇਆ। ਇੱਥੇ ਕਹਿਣਾ ਪੈਂਦਾ 'ਸ਼ਾਵਾਸ਼ੇ ਨੀ! ਨਵੀਏਂ ਰੋਸ਼ਨੀਏਂ। ਲੜਾਈਆਂ ਅੱਜ ਹੀ ਨਹੀਂ ਅੱਗੇ ਵੀ ਹੋਇਆ ਕਰਦੀਆਂ ਸਨ। ਜਵਾਨ ਨਾਲ ਜਵਾਨ ਲੜਦਾ ਸੀ। ਬਾਕੀ ਵਸੋਂ ਅਮਨ ਨਾਲ ਵਸਦੀ ਸੀ, ਧੋਖਾ ਨਹੀਂ ਸੀ ਹੁੰਦਾ। ਵਿਸਾਹ-ਘਾਤ ਨਹੀਂ ਸੀ ਕੀਤਾ ਜਾਂਦਾ। ਬੁੱਢੇ ਬੰਦੇ ਅਤੇ ਤੀਵੀਂ ਤੇ ਕਦੇ ਹੱਥ ਨਹੀਂ ਸੀ ਉਠਾਇਆ ਜਾਂਦਾ। ਪਰ ਅੱਜ ਕੀ ਹੈ? ਪਿਆਰ ਅਤੇ ਯੁੱਧ ਵਿਚ ਸਭੇ ਰਾਹ ਠੀਕ ਹਨ। ਲੋਕਾਂ ਨੂੰ ਡਰਾਉਣ ਹਿਤ, ਪਿੰਡਾਂ ਦੇ ਪਿੰਡ ਫੂਕੇ ਜਾਂਦੇ ਹਨ, ਖੇਤ ਉਜਾੜ ਦਿੱਤੇ ਜਾਂਦੇ ਹਨ। ਪੀਣ ਵਾਲੀ ਪਾਣੀ ਬਰਬਾਦ ਕੀਤਾ ਜਾਂਦਾ ਹੈ। ਬਿਮਾਰੀਆਂ ਫੈਲਾਈਆਂ ਜਾਂਦੀਆਂ ਹਨ, ਹੋਰ ਕਈ ਉਪੱਦਰ ਵੀ ਕੀਤੇ ਜਾਂਦੇ ਹਨ। ਆਤਮਾ ਇਸ ਗਲੋਂ ਸੰਕੋਚ ਕੀਤਾ ਸੀ, ਪਰ ਡਾਢੇ ਅੱਗੇ ਪੇਸ਼ ਨਹੀਂ ਸੀ ਜਾਂਦੀ। ਨੌਕਰੀ ਕੀ ਤੇ ਨਖਰਾ ਕੀ? ਭਾਵ, ਮੰਨ ਕੇ, ਕੰਨ ਸੁਟ ਕੇ ਅਸੀਂ ਤੁਰ ਪਏ।

ਖੂਹ ਪੱਥਰਾਂ ਦੀ ਕੰਧ ਦੇ ਪਿੱਛੇ ਸੀ। ਆਲੇ ਦੁਆਲੇ ਅੰਗੂਰਾਂ ਦੀਆਂ ਵੇਲਾਂ ਝੁਰਮਟ ਪਾਇਆ ਹੋਇਆ ਸੀ। ਕੰਧ ਉੱਤੋਂ ਝਾਕਿਆ ਤਾਂ ਵੇਖਿਆ ਕਿ ਫ਼ੌਜੀ ਸੰਗੀਨਾਂ ਤਾਣੀ ਪਾਣੀ ਭਰ ਰਹੇ ਸਨ। ਮੌਕਿਆਂ ਦੀ ਤਾੜ ਵਾਸਤੇ ਇਕਲਵਾਂਜੇ ਬਹਿ ਗਏ ਤੇ ਘੋਰ ਪਾਪ ਕਰਨ ਵਾਲੀ ਘੜੀ ਦੀ ਉਡੀਕ ਕਰਨ ਲੱਗ ਪਏ, ਤਾਂ ਕਿ ਸੱਪ ਵੀ ਮਰ ਜਾਵੇ ਤੇ ਸੋਟਾ ਵੀ ਬਚ ਜਾਵੇ। ਰਾਤ ਐਵੇਂ ਗੀਟੀਆਂ ਗਿਣਦਿਆਂ ਹੀ ਲੰਘ ਗਈ।

ਚੜ੍ਹਦੇ ਪਾਸੇ ਲਾਲੀ ਦਗਣੀ ਸ਼ੁਰੂ ਹੋ ਗਈ। ਖੂਹ ਖ਼ਾਲੀ ਹੋ ਗਿਆ। ਅਸੀਂ ਅੱਗੇ ਵੱਧੇ। ਧਾਰਾ ਸਿੰਘ ਨੂੰ ਬੰਬ ਫੜਾਏ ਆਪ ਸ਼ੀਸ਼ੀਆਂ ਫੜੀਆਂ। ਬਿੱਲੀ ਤੋਰੇ ਗਏ ਤੇ ਸ਼ੀਸ਼ੀਆਂ ਮੂਧੀਆਂ ਕਰ ਦਿੱਤੀਆਂ। ਇਤਨੀ ਆਵਾਜ਼ ਨੇ ਦੁਸ਼ਮਣ ਨੂੰ ਚੌਕਸ ਕਰ ਦਿੱਤਾ। ਗੋਲੀਆਂ ਦੀ ਵਾਛੜ ਆਈ, ਪਰ ਪੱਥਰਾਂ ਦੇ ਉਹਲੇ ਹੋ ਗਏ। ਦੁਸ਼ਮਣ ਜਾਣਿਆ ਕਿਸੇ ਜਾਨਵਰ ਦੀ ਆਵਾਜ਼ ਹੈ, ਅਗਾਂਹ ਨਿਕਲ ਗਿਆ।

ਇਹ ਕਾਰਾ ਕਰ ਅਸੀਂ ਭੁੱਖੇ ਭਾਣੇ ਥੱਕੇ ਟੁੱਟੇ ਆਪਣੇ ਕੈਂਪ ਲਾਗੇ ਪੁੱਜੇ। ਪਹਿਰੇਦਾਰਾਂ ਸਾਨੂੰ ਦੁਸ਼ਮਣ ਜਾਣਿਆ, ਗੋਲੀ ਨਾਲ ਸੁਆਗਤ ਕੀਤਾ। ਹੌਲਦਾਰ ਬਥੇਰਾ ਰੌਲਾ ਪਾਇਆ, ਮਿੱਤਰ ਹਾਂ ਮਿੱਤਰ, ਖ਼ੈਰ ਗੋਲੀ ਤਾਂ ਬੰਦ ਹੋਈ ਪਰ ਪੇਸ਼ੀ ਹੋਈ, "ਬੋਲੋ ਜਵਾਨ! ਗ਼ੈਰ ਹਾਜ਼ਰ ਕਿਉਂ ਰਹੇ?" ਬਥੇਰਾ ਰੋਣ ਪਿੱਟਣ ਕੀਤਾ। ਆਪਣੀ ਕਰਤੂਤ ਦੱਸੀ, ਮਗਰ ਬਿਗਾਨੇ ਪੁੱਤ ਕਦੋਂ ਸੁਣਦੇ ਸਨ। ਆਖ਼ਰ ਸਾਹਿਬ ਇਸ ਗੱਲ ਤੇ ਰਾਜ਼ੀ ਹੋ ਗਿਆ ਕਿ ਜੇ ਕੱਲ੍ਹ ਤਕ ਕੋਈ ਖ਼ਬਰ ਆ ਗਈ ਤਾਂ ਬਰੀ, ਨਹੀਂ ਤਾਂ ਕੋਰਟ ਮਾਰਸ਼ਲ। ਵੈਸੇ ਸਾਨੂੰ ਨਜ਼ਰਬੰਦ ਕਰ ਦਿੱਤਾ ਗਿਆ। ਅੱਠ ਪਹਿਰ ਨਜ਼ਰਬੰਦ ਰਹੇ। ਅਗਲੇ ਦਿਨ ਬਾਰ੍ਹਾਂ ਵਜੇ ਖ਼ਬਰਾਂ ਆਈਆਂ ਕਿ ਦੁਸ਼ਮਣ ਦੇ ਕੈਂਪਾਂ ਵਿਚ ਬਿਮਾਰੀ ਪੈ ਗਈ ਹੈ। ਜਨਰਲ ਰੱਖ ਬੜਾ ਖ਼ੁਸ਼ ਹੁਇਆ। 500 ਰੁਪਏ ਇਨਾਮ ਅਤੇ ਪੰਦਰ੍ਹਾਂ ਦਿਨ ਦੀ ਛੁੱਟੀ ਮਿਲ ਗਈ। ਛੁੱਟੀ ਮਾਨਣ ਤਾਂ ਤੁਰ ਪਏ ਪਰ ਅੰਦਰੋਂ ਫਿਟਕਾਰਾਂ ਪੈ ਰਹੀਆਂ ਸਨ।

ਪੂਰੇ ਦੋ ਮਹੀਨਿਆਂ ਪਿੱਛੋਂ ਮਸ਼ੀਨ-ਗਨ ਨਾਲ ਇਕ ਹੋਰ ਮੋਰਚੇ ਤੇ ਜਾਣ ਦਾ ਹੁਕਮ ਲੱਗਾ। ਮੇਰੇ ਨਾਲ ਮੇਰਾ ਮਿਹਰਬਾਨ ਕਰਨੈਲ ਟੇਲਰ ਸਾਹਿਬ ਸੀ। ਟੇਲਰ ਅੰਗਰੇਜ਼ਾਂ ਵਿੱਚੋਂ ਇਕ ਨਮੂਨੇ ਦਾ ਅੰਗਰੇਜ਼ ਸੀ। ਯਾਰਾਂ ਦਾ ਯਾਰ, ਦੇਸ਼ ਦਾ ਹਿਤੈਸ਼ੀ, ਕੌਮ ਦਾ ਖ਼ੈਰਖਾਹ। ਆਪਣੀ ਜਾਨ ਜੋਖਾਂ ਵਿਚ ਪਾ ਕੇ ਵੀ ਆਪਣੇ ਬਾਦਸ਼ਾਹ ਵਾਸਤੇ ਕੰਮ ਕਰਨ ਵਾਲਾ ਸੀ ਅਤੇ ਹਰ ਮੋਰਚੇ ਤੇ ਆਪ ਜਾ ਕੇ ਸਿਪਾਹੀਆਂ ਵਾਂਗੂੰ ਕੰਮ ਕਰਦਾ ਸੀ। ਉਹ ਟੇਲਰ ਸਾਡੀ ਅਗਵਾਈ ਵਾਸਤੇ ਨਾਲ ਹੋ ਤੁਰਿਆ। ਸਾਧੂ ਸਿੰਘ ਮਸ਼ੀਨ-ਗਨ ਚੁੱਕ ਮੋਰਚੇ ਤੇ ਪੁੱਜਣ ਹੀ ਵਾਲਾ ਸੀ ਕਿ ਦੁਸ਼ਮਣ ਵੱਲੋਂ ਗੋਲੀਆਂ ਦਾ ਮੀਂਹ ਆਇਆ। ਇਕ ਗੋਲੀ ਸਾਧੂ ਸਿੰਘ ਨੂੰ ਲੱਗੀ ਤੇ ਉਹ ਉਸੇ ਵੇਲੇ ਪੈਂਡੇ ਪੈ ਗਿਆ। ਇਕ ਗੋਲੀ ਸਾਹਿਬ ਨੂੰ ਮੋਢੇ ਤੇ ਲੱਗੀ ਤੇ ਚਿੱਤੜ ਥਾਣੀ ਨਿਕਲ ਗਈ। ਉਹਨੂੰ ਡਿੱਗਦਾ ਵੇਖ ਮੇਰਾ ਧਿਆਨ ਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਚਲਾ ਗਿਆ, ਅੱਖਾਂ ਬੰਦ ਹੋ ਗਈਆਂ।

ਜਿਥੇ ਖੰਡੇ ਲਸਲਸੇ ਸਾਂਗਾਂ ਦੀ ਹੋਵੇ ਵਹੀਰ,
ਉਥੇ ਸਤਿਗੁਰੂ ਬੇਲੀ ਚਾਹੀਦਾ, ਜਿਥੇ ਔਖੀ ਬਣਦੀ ਭੀੜ।

ਸ਼ਾਂ ਸ਼ਾਂ ਕਰਦੀਆਂ ਗੋਲੀਆਂ ਵਿਚ ਇਕ ਅਲੌਕਿਕ ਚਮਤਕਾਰ ਹੋਇਆ। ਪਹਿਲਾ ਤਾਂ ਖ਼ਿਆਲ ਕੀਤਾ ਕਿ ਕੋਈ ਭਾਰੀ ਬੰਬ ਆਇਆ ਹੈ, ਪਰ ਉਸ ਪ੍ਰਕਾਸ਼ ਵਿੱਚੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਹੋਏ ਤੇ ਉਹਨਾਂ ਆਖਿਆ, "ਬੱਚਾ ਸੌਣ ਸਿੰਘ! ਘਬਰਾ ਨਾ, ਤੂੰ ਮਰਦਾ ਨਹੀਂ, ਹੁਣ ਤੈਨੂੰ ਦੇਸ਼ ਨੂੰ ਲੈ ਚਲਾਂਗੇ।" ਜਦ ਬਾਬਾ ਇਹ ਗੱਲਾਂ ਕਰ ਰਿਹਾ ਸੀ ਤਾਂ ਬਾਬੇ ਦਾ ਗਲਾ ਰੁਕ ਗਿਆ, ਅੱਖਾਂ ਵਿਚੋਂ ਸੌਣ ਦੀ ਝੜੀ ਸ਼ੁਰੂ ਹੋ ਗਈ, ਪਰ ਟੁਰੀ ਗਿਆ। ਏਨੇ ਨੂੰ ਮੇਰੇ ਪੈਰ ਤੇ ਗੋਲੀ ਵੱਜੀ। ਲਹੂ ਦੀ ਗੰਗਾ ਵਹਿ ਤੁਰੀ। ਅਸੀਂ ਦੋਵੇਂ ਪੱਥਰਾਂ ਉਹਲੇ ਹੋ ਗਏ ਤੇ ਨਿਕਲਣ ਵਾਸਤੇ ਸਮੇਂ ਦੀ ਤਾੜ ਕਰਨ

ਲੱਗ ਪਏ। ਆਪਣੀ ਥੈਲੀ ਵਿੱਚੋਂ ਸ਼ਕਤੀ-ਗੋਲੀਆਂ ਕੱਢੀਆਂ, ਖਾਧੀਆਂ ਤੇ ਕੁਝ ਸਾਹਿਬ ਨੂੰ ਦਿੱਤੀਆਂ। ਸੂਰਜ ਡੁੱਬਣ ਤੇ ਆ ਗਿਆ। ਅਸੀਂ ਨਿਕਲਣ ਦੀ ਸਲਾਹ ਕਰਨ ਲੱਗ ਪਏ। ਘੁਸਮੁਸਾ ਹੁੰਦਿਆਂ ਹੀ ਮੈਂ ਸਾਹਿਬ ਨੂੰ ਪਿੱਠ ਤੇ ਚੁੱਕ ਲਿਆ ਤੇ ਕੈਂਪ ਨੂੰ ਤੁਰ ਪਿਆ। ਦੋ ਫਰਲਾਂਗ ਗਏ ਹੋਵਾਂਗੇ ਕਿ ਸਾਹਿਬ ਨੇ ਕਿਹਾ, "ਸੌਣ ਸਿੰਘ ਕੰਧੇ ਪਰ ਉਠਾ ਲਵੋ।" ਬਹੁਤ ਚੰਗਾ ਸਾਹਿਬ! ਜਿਵੇਂ ਤੁਸੀਂ ਚਾਹਵੋ', ਮੈਂ ਉਸ ਨੂੰ ਮੋਢੇ ਤੇ ਚੁੱਕ ਲਿਆ, ਪਰ ਲਹੂ ਵੱਗ ਵੱਗ ਪੀਆ ਭੁਕ ਹੋ ਚੁੱਕਾ ਸੀ। ਉਸ ਆਖਿਆ, 'ਸਾਉਣ ਸਿੰਘ, ਤੁਹਾਡਾ ਬਹੁਤ-ਬਹੁਤ ਸ਼ੁਕਰੀਆ, ਤੁਮ ਕੈਂਪ ਜਾਵੋ ਤੇ ਜ਼ਖ਼ਮੀਆਂ ਨੂੰ ਢੋਣ ਵਾਲੀ ਗੱਡੀ ਭੇਜੋ। ਮੈਂ ਐਸੇ ਨਹੀਂ ਜਾ ਸਕਤਾ, ਤੁਮ ਬਹੁਤ ਅੱਛੇ ਜਵਾਨ ਹੋ।" ਮੈਂ ਕਿਹਾ, "ਸਾਹਿਬ ਤੈਨੂੰ ਇਕੱਲੇ ਨਹੀਂ ਛੱਡ ਸਕਦਾ, ਤੁਸੀਂ ਮੇਰੀ ਪਿੱਠ ਤੇ ਸਵਾਰ ਹੋ ਜਾਵੋ।" "ਨਹੀਂ, ਅਭ ਮੈਂ ਨਹੀਂ ਜਾ ਸਕਟਾ, ਤੁਮ ਹਸਪਤਾਲ ਜਾਓ।" ਕੁਝ ਹੋਰ ਗੋਲੀਆਂ ਦੇ ਕੇ ਰਵਾਨਾ ਹੋ ਗਿਆ। ਡਿੱਗਦਾ ਢਹਿੰਦਾ ਕੈਂਪ ਵਿਚ ਪੁੱਜਾ। ਹਸਪਤਾਲ ਵਿਚ ਖ਼ਬਰ ਕੀਤੀ। ਮੇਰੇ ਤਾਂ ਮਲੱਮ ਪੱਟੀ ਸ਼ੁਰੂ ਹੋ ਗਈ ਤੇ ਸਾਹਿਬ ਤੇ ਸਾਧੂ ਸਿੰਘ ਵਾਸਤੇ ਗੱਡੀ ਚਲੀ ਗਈ। ਰਾਤ ਦੇ ਯਾਰ੍ਹਾਂ ਵਜੇ ਗੱਡੀ ਉਹਨਾਂ ਨੂੰ ਲੈ ਆਈ। ਟੇਲਰ ਸਾਹਿਬ ਬਹੁਤ ਨਿਢਾਲ ਹੋ ਰਿਹਾ ਸੀ। ਡਾਕਟਰਾਂ ਨੇ ਸਾਹਿਬ ਨੂੰ ਬਰਾਂਡੀ ਤੇ ਹੋਰ ਸ਼ਕਤੀਸ਼ਾਲੀ ਦਵਾਈਆਂ ਦਿੱਤੀਆਂ। ਟੇਲਰ ਸਾਹਿਬ ਨੂੰ ਕੁਝ ਹੋਸ਼ ਆ ਗਈ। ਉਸ ਆਪਣੇ ਦਫ਼ਤਰ ਵਿੱਚੋਂ ਕਾਗ਼ਜ਼ ਮੰਗਵਾ ਕੇ ਮੇਰੇ ਵਾਸਤੇ ਇਕ ਲੰਮੀ-ਚੌੜੀ ਚਿੱਠੀ ਲਿੱਖੀ। "ਸਾਉਣ ਸਿੰਘ ਬੜਾ ਵਫ਼ਾਦਾਰ ਜਵਾਨ ਹੈ, ਇਸ ਨੇ ਆਪਣੀ ਜਾਨ ਖ਼ਤਰੇ ਵਿਚ ਪਾ ਕੇ ਮੈਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਇਹ ਸਰਕਾਰ ਅੰਗਰੇਜ਼ ਦਾ ਬੜਾ ਖ਼ੈਰਖਾਹ ਹੈ, ਮੈਂ ਇਸ ਦੇ ਵਾਸਤੇ ਪੰਜ ਮੁਰੱਬੇ ਜ਼ਮੀਨ ਅਤੇ ਸੋਨੇ ਦੇ ਤਗਮੇ ਦੀ ਸਿਫ਼ਾਰਸ਼ ਕਰਦਾ ਹਾਂ।" ਚਿੱਠੀ ਮੁੱਕ ਗਈ ਪਰ ਡੇਢ ਘੰਟੇ ਪਿੱਛੋਂ ਟੇਲਰ ਸਾਹਿਬ ਵੀ ਸਦਾ ਦੀ ਨੀਂਦਰ ਸੌਂ ਗਿਆ।

ਟੇਲਰ ਦੇ ਮਰਨ ਪਿੱਛੋਂ ਸਤਿਗੁਰਾਂ ਦੇ ਸ਼ਬਦ ਕੰਨਾਂ ਵਿਚ ਗੂੰਜਣ ਲੱਗ ਪਏ। 'ਬੱਚਾ ਸਾਉਣ ਸਿੰਘ! ਤੂੰ ਮਰਦਾ ਨਹੀਂ, ਤੈਨੂੰ ਦੇਸ਼ ਲੈ ਆਵਾਂਗੇ।' ਸੋਚਦਾ ਸਾਂ ਕਿੱਥੇ ਪੰਜਾਬ, ਕਿੱਥੇ ਮਿਸਰ। ਕਿੱਥੇ ਮੋਰਚੇ ਕਿੱਥੇ ਹਸਪਤਾਲ, ਮੌਤ ਦੇ ਮੂੰਹ ਵਿਚ ਫੱਸੇ ਪਏ ਹਾਂ। ਇਸ ਜਨਮ ਵਿਚ ਤਾਂ ਪੰਜਾਬ ਦੇਖ ਨਹੀਂ ਸਕਦਾ। ਅਗਲੇ ਜਨਮ ਮੁੜ ਪਿੰਡ ਦੀਆਂ ਪਿੱਪਲਾਂ ਬੋਹੜਾਂ ਵੇਖ ਲਵਾਂ ਤਾਂ ਪਤਾ ਨਹੀਂ। ਰੱਖਣਵਾਲੇ ਦੇ ਰਾਹ ਨਿਆਰੇ ਨੇ। ਥੋੜ੍ਹੇ ਸਮੇਂ ਪਿੱਛੋਂ ਮੈਨੂੰ ਚੰਗੀ ਹੋਸ਼ ਆ ਗਈ, ਨੀਂਦਰ ਵੀ ਚੰਗੀ ਆ ਗਈ, ਸਵੇਰੇ ਦਸ ਵਜੇ ਤਕ ਸੁੱਤਾ ਰਿਹਾ। ਜਾਗਿਆ ਤਾਂ ਡਾਕਟਰ ਨੇ ਇਕ ਰੁੱਕਾ ਦਿੱਤਾ, ਜਿਸ ਵਿਚ ਹਿੰਦੁਸਤਾਨ ਭੇਜਣ ਦੀ ਸਿਫ਼ਾਰਸ਼ ਸੀ। ਹੁਣ ਸਤਿਗੁਰ ਦੇ ਬਚਨਾਂ ਤੇ ਪ੍ਰਤੀਤ ਬੱਝਣ ਲੱਗ ਪਈ।

ਥੋੜ੍ਹੇ ਦਿਨਾਂ ਪਿੱਛੋਂ ਮੈਂ ਤੇ ਮੇਰੇ ਵਰਗੇ ਹੋਰ ਨਹਿਰ ਸਵੇਜ਼ ਦੇ ਵਿਚ ਜਹਾਜ਼ੇ ਚੜ੍ਹਾ ਦਿੱਤੇ ਗਏ ਅਤੇ ਜਹਾਜ਼ ਬੰਬਈ ਪੁੱਜ ਗਿਆ। ਅੱਗੇ ਅਸੀਂ ਹਸਪਤਾਲ

ਭੇਜ ਦਿੱਤੇ ਗਏ। ਮੈਨੂੰ ਡਾਕਟਰ ਨੇ ਵੇਖ ਚਾਖ ਕੇ ਕਿਹਾ, "ਜਵਾਨ ਤੇਰੀ ਲੱਤ ਕੱਟੀ ਜਾਵੇਗੀ।" ਮਨ ਵਿਚ ਸੋਚਿਆ 'ਮੂਸਾ ਨੱਠਾ ਮੌਤ ਤੋਂ, ਮੌਤ ਅੱਗੇ ਖਲੀ।' ਪਰ ਕਿਹਾ, 'ਡਾਕਟਰ ਸਾਹਿਬ, ਮੇਰੀ ਲੱਤ ਨਾ ਕੱਟੋ।' ਡਾਕਟਰ ਨੇ ਕਿਹਾ, 'ਜਵਾਨ, ਜਾਂ ਮਰਨੇ ਕੇ ਲੀਏ ਤਿਆਰ ਹੋ ਜਾਓ।' ਮੈਂ ਕਿਹਾ, 'ਮਰਦਾ ਮੈਂ ਹੈ ਨਹੀਂ, ਲੱਤ ਨਾ ਵੱਢੋ।' ਬੇਵਕੂਫ਼ ਕਹਿ, ਡਾਕਟਰ ਅੱਗੇ ਤੁਰ ਗਿਆ। ਦੇਵਨੇਤ ਉੱਥੇ ਉਸ ਵੇਲੇ ਲਖਨਊ ਤੋਂ ਲੇਡੀ ਡਾਕਟਰ ਆਈ ਹੋਈ ਸੀ। ਉਸ ਕਿਹਾ, 'ਇਸ ਜਵਾਨ ਕੋ ਮੁਝੇ ਦੇ ਦੋ, ਮੈਂ ਕੋਸ਼ਿਸ਼ ਕਰਤੀ ਹੂੰ।' ਉਸੇ ਵੇਲੇ ਮੈਨੂੰ ਬਿਮਾਰ ਗੱਡੀ ਵਿਚ ਪਾ ਕੇ ਲਖਨਊ ਭੇਜ ਦਿੱਤਾ।

ਲੇਡੀ ਡਾਕਟਰ ਨੇ ਲੱਤ ਤੇ ਕੁਝ ਦਵਾਈ ਲਾ ਕੇ ਉਬਲਦੇ ਪਾਣੀ ਵਿਚ ਰੱਖਣ ਵਾਸਤੇ ਕਿਹਾ, ਰੱਬ ਵੀ ਮਨੁੱਖ ਦੇ ਕਈ ਇਮਤਿਹਾਨ ਲੈਂਦਾ ਹੈ। ਮੈਂ ਲੱਤ ਪਾਣੀ ਵਿਚ ਪਾਉਣੋਂ ਨਾਂਹ ਕਰ ਦਿੱਤੀ ਤੇ ਉਸ ਦਵਾਈ ਆਪਣੇ ਹੱਥ ਤੇ ਮਲ ਕੇ ਪਾਣੀ ਵਿਚ ਪਾ ਕੇ ਵਿਖਾਇਆ ਤਦੋਂ ਮੇਰੀ ਤਸੱਲੀ ਹੋਈ ਤੇ ਉਬਲਦੇ ਪਾਣੀ ਵਿਚ ਲੱਤ ਪਾ ਦਿੱਤੀ। ਤਿੰਨ ਘੰਟੇ ਲੱਤ ਪਾਣੀ ਵਿਚ ਪਈ ਰਹੀ। ਸਾਰਾ ਟੱਬ ਰੇਸ਼ੇ ਨਾਲ ਭਰ ਗਿਆ। ਨਰਸ ਨੇ ਬਟਨ ਦਬਾਇਆ, ਸਾਰਾ ਰੇਸ਼ਾ ਬਾਹਰ ਜਾ ਪਿਆ। ਫਿਰ ਲੱਤ ਰੱਖੀ ਫੇਰ ਰੇਸ਼ਾ ਬਾਹਰ ਡੋਲ੍ਹਿਆ, ਫਿਰ ਲੱਤ ਰੱਖੀ, ਤੀਜੀ ਵਾਰੀ ਕੱਚਾ ਲਹੂ ਜਿਹਾ ਨਿਕਲਿਆ। ਲੇਡੀ ਡਾਕਟਰ ਨੇ ਕਿਹਾ, "ਜਵਾਨ ਅਬ ਨਹੀਂ ਮਰਤਾ।" ਅਬ ਟਾਂਗ ਠੀਕ ਹੋ ਜਾਏਗੀ। ਮੈਂ ਕਿਹਾ ਭੈਣ, ਰੱਖਣ ਵਾਲਾ ਉਸ ਦਿਨ ਹੀ ਦਸ ਗਿਆ ਕਿ ਤੈਨੂੰ ਮਰਨ ਨਹੀਂ ਦੇਂਦੇ, ਤੈਨੂੰ ਦੇਸ਼ ਲੈ ਜਾਵਾਂਗੇ। ਹੁਣ ਨਾ ਮੌਤ ਦਾ ਭੈ ਹੈ ਅਤੇ ਨਾ ਲੱਤ ਦੀ ਚਿੰਤਾ। ਸੋਲ੍ਹਾਂ ਦਿਨਾਂ ਪਿੱਛੋਂ ਤੁਰਨ ਫਿਰਨ ਲੱਗ ਪਿਆ। ਇੱਥੇ ਇਨਾਮਾਂ ਤੇ ਹੋਰ ਬਕਾਏ ਵੀ ਮਿਲ ਗਏ। ਡਾਕਟਰ ਛੁੱਟੀ ਦੇ ਦਿੱਤੀ। ਕੈਂਪ ਵਾਲਿਆਂ ਨੌਂ ਸੌ ਰੁਪਏ ਦੇ ਕੇ ਪਾਸ ਕਟ ਦਿੱਤਾ ਤੇ ਮੈਂ ਸਟੇਸ਼ਨ ਨੂੰ ਤੁਰ ਪਿਆ।

ਮੈਂ ਗੱਡੀ ਤੇ ਚੜ੍ਹਿਆ, ਡਬਾ ਪੂਰਬੀਆਂ ਨਾਲ ਭਰਿਆ ਹੋਇਆ ਸੀ। ਮੈਂ ਇਕੱਲਾ ਜਾ ਬੈਠਾ। ਬੈਠਦਿਆਂ ਮੇਰੇ ਮਨ ਵਿਚ ਬੀਤੀਆਂ ਯਾਦਾਂ ਦਾ ਨਾਚ ਸ਼ੁਰੂ ਹੋ ਗਿਆ। ਭਜਨ ਪੁੱਛਣਾ, ਜੇ ਨਾਲ ਜਾਣਾ, ਨਾਵਾਂ ਲਿਖਵਾਉਣਾ, ਗ਼ੁਲਾਮੀ ਦਾ ਜੀਵਨ। ਮੋਰਚਿਆਂ ਦੇ ਸੁਪਨੇ। ਬੇਦੋਸਿਆਂ ਨੂੰ ਮਾਰਨਾ, ਜ਼ਹਿਰ ਸੁੱਟਨਾ। ਮਾਸਟਰ ਜੀ! ਜਦੋਂ ਖੂਹ ਵਿਚ ਜ਼ਹਿਰ ਪਾਣ ਦੀ ਝਾਕੀ ਸਾਹਮਣੇ ਆਈ ਤਾਂ ਇਕ ਦਮ ਲੂੰ ਕੰਡੇ ਖੜੇ ਹੋ ਗਏ ਤੇ ਸਰੀਰ ਨੂੰ ਕਾਂਬਾ ਛਿੜ ਗਿਆ। ਸਾਧੂ ਸਿੰਘ ਦੀ ਮੌਤ, ਟੇਲਰ ਸਾਹਿਬ ਦਾ ਜ਼ਖ਼ਮੀ ਹੋਣਾ, ਪੈਰ ਤੇ ਗੋਲੀ ਲਗਣੀ, ਮੈਂ ਪੈਰ ਵਲ ਵੇਖਿਆ, ਪੈਰ ਵਿੱਚੋਂ ਲਹੂ ਵਗਦਾ ਨਜ਼ਰੀਂ ਆਇਆ। ਫੇਰ ਸਤਿਗੁਰਾਂ ਦੇ ਦਰਸ਼ਨ। ਇਨ੍ਹਾਂ ਦਰਸ਼ਨਾਂ ਦੀ ਯਾਦ ਨੇ ਗ਼ਮਾਂ ਦੇ ਸਾਗਰ ਵਿਚ ਗੋਤੇ ਖਾ ਰਹੇ ਨੂੰ ਬਾਹਰ ਬਰੇਤੇ ਲਾ ਦਿੱਤਾ। ਮੇਰਾ ਦਿਲ ਮੰਨ ਗਿਆ ਕਿ ਇਹ ਮੇਰੀ ਚਤੁਰਾਈ ਨਹੀਂ। ਸਿਆਣਪ ਨਹੀਂ। ਇਹ ਕੇਵਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮੇਹਰ ਹੈ। ਮਨ ਵਿਚ ਮਸਤੀ ਆ ਗਈ।

ਮੁਸਲਮਾਨ ਭਰਾ ਬੈਠੇ ਬੈਠੇ ਲਹਿੰਦੇ ਵਲ ਮੂੰਹ ਕਰ ਨਿਮਾਜ਼ ਪੜ੍ਹ ਰਹੇ ਸਨ। ਮੈਂ ਭੈਣੀ ਸਾਹਿਬ ਨੂੰ ਸਿਜਦੇ ਕਰਨਾ ਸ਼ੁਰੂ ਕਰ ਦਿੱਤਾ। ਘੰਟੇ ਬੀਤਦਿਆਂ ਪਤਾ ਨਾ ਲੱਗਾ। ਓਦੋਂ ਹੀ ਹੋਸ਼ ਆਈ ਜਦੋਂ ਲੁਧਿਆਣੇ ਦਾ ਸਟੇਸ਼ਨ ਆ ਗਿਆ। ਮਨ ਨੇ ਕਿਹਾ, 'ਸਾਉਣ ਸਿੰਘਾ, ਚਲ ਪਹਿਲਾਂ ਉਸ ਮੁਰਸ਼ਦ ਦੇ ਦੀਦਾਰੇ ਕਰ, ਜਿਸ ਤੇਰੀ ਚੌਰਾਸੀ ਕੱਟੀ ਹੈ। ਜਿਸ ਤੈਨੂੰ ਜੀਵਨ ਬਖਸ਼ਿਆ, ਸਭ ਤੋਂ ਪਹਿਲਾਂ ਉਸ ਦਰ ਦੀ ਧੂੜੀ ਮੱਥੇ ਲਾ।'

ਮੈਂ ਲੁਧਿਆਣੇ ਉੱਤਰ ਬੈਠਾ, ਕਿੱਟ ਕੱਛੇ ਮਾਰ, ਬਿਸਤਰਾ ਮੋਢੇ ਤੇ ਧਰ ਕੇ ਅੱਡੇ ਵਲ ਤੁਰ ਪਿਆ। ਟਾਂਗਾ ਕਰਕੇ ਸ੍ਰੀ ਭੈਣੀ ਸਾਹਿਬ ਪੁੱਜਾ। ਬੱਚੇ ਖ਼ਾਕੀ ਵਰਦੀ ਤੇ ਵੱਡੇ ਵੱਡੇ ਬੂਟ ਵੇਖ ਕੇ ਮੇਰੇ ਦੁਆਲੇ ਹੋ ਗਏ। ਮੈਂ ਉਹਨਾਂ ਨੂੰ ਅੰਦਰੋਂ ਨਮਸਕਾਰ ਕੀਤੀ ਕਿ ਧੰਨ ਹਨ ਇਹ ਬਾਲ ਜਿਹੜੇ ਇਸ ਪਵਿੱਤਰ ਵਾਯੂ ਮੰਡਲ ਵਿਚ ਹੱਸਦਿਆਂ ਖੇਡਦਿਆਂ ਸਮਾਂ ਗੁਜ਼ਾਰ ਰਹੇ ਹਨ। ਪਤਾ ਲੱਗਾ ਕਿ ਚਵਾਂ ਕੂੰਟਾਂ ਵਿਚ ਰਟਨ ਕਰਨ ਵਾਲੇ ਪਾਤਸ਼ਾਹ ਇੱਥੇ ਹੀ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ ਇਹ ਜਾਣ ਕੇ ਮੇਰੀ ਖ਼ੁਸ਼ੀ ਦਾ ਹਦ ਬੰਨਾ ਨਾ ਰਿਹਾ।

ਦੀਵਾਨ ਲੱਗਾ ਹੋਇਆ ਸੀ। ਮਾਨਸਰੋਵਰ ਤੇ ਹੰਸ ਮੋਤੀ ਚੋਗਾ ਚੁੱਗ ਰਹੇ ਸਨ। ਮੈਂ ਜਦ ਦੀਵਾਨ ਦੇ ਲਾਗੇ ਗਿਆ ਤਾਂ ਸਤਿਗੁਰ ਮੈਨੂੰ ਤਕ ਕੇ ਇਕ ਸਿੱਖ ਨੂੰ ਮੇਰੇ ਵਲ ਭੇਜਿਆ। ਮੇਰੇ ਰੋਮਾਂ ਵਿਚ ਖ਼ੁਸ਼ੀ ਦੀਆਂ ਝਰਨਾਟਾਂ ਛਿੜ ਗਈਆਂ। ਅੱਗੇ ਜਾ 900 ਦੀ ਵਾਸਲੀ ਮੱਥਾ ਟੇਕਿਆ। ਸਤਿਗੁਰ ਨੇ ਮੈਨੂੰ ਜੱਫੇ ਵਿਚ ਲਿਆ ਅਤੇ ਕਿਹਾ, "ਸਾਉਣ ਸਿੰਘ, ਕੀ ਹਾਲ ਏ"? ਮੈਂ ਵੈਰਾਗੀ ਹੋ ਗਿਆ ਤੇ ਬਚਨ ਕੀਤਾ, ਆਪ ਮੈਨੂੰ ਬਚਾਉਣ ਵਾਲੇ ਹੋ, ਹੁਣ ਮੈਨੂੰ ਪੁੱਛਦੇ ਹੋ। ਸੰਗਤ ਵਿਚ ਵਾਰਤਾ ਸੁਣ ਵਿਸਮਾਦ ਹੋ ਗਈ ਸੀ। ਤੁਸੀਂ ਮੈਨੂੰ ਨਰਕੋਂ ਖਲਾਸੀ ਕਰਾਈ ਇਹ ਬਖਸ਼ਸ਼ ਕੀਤੀ, ਮੈਂ ਕੀ ਦੱਸਾਂ। ਸਤਿਗੁਰੂ ਮੁਸਕ੍ਰਾਂਦਿਆਂ ਕਿਹਾ, "ਭਾਈ ਇਹ ਸਤਿਗੁਰੂ ਰਾਮ ਸਿੰਘ ਜੀ ਦੀ ਕ੍ਰਿਪਾ ਹੈ, ਕੋਈ ਕੰਮ ਤੈਥੋਂ ਲੈਣਾ ਹੋਵੇਗਾ।" ਇਸ ਦੇ ਨਾਲ ਹੀ ਇਕ ਸਿੱਖ ਨੂੰ ਬਸਤਰ ਲਿਆਉਣ ਵਾਸਤੇ ਹੁਕਮ ਕੀਤਾ। ਮੈਂ ਬਸਤਰ ਲੈ ਰਾਮਸਰ ਜਾ ਟੁੱਬਾ ਲਾਇਆ। ਜੀਵਨ ਬਦਲ ਗਿਆ, ਕਾਇਆ ਪਲਟ ਗਈ। ਕੋਹੜ ਦੂਰ ਹੋ ਗਿਆ, ਹੰਸ ਬਣ ਗਿਆ, ਘਰ ਬਾਹਰ ਭੁੱਲ ਗਿਆ ਤੇ ਇਨ੍ਹਾਂ ਹੰਸਾਂ ਨਾਲ ਰਲ ਗਿਆ ਸੇਵਾ ਕਰਨੀ ਤੇ ਮਾਲਾ ਫੇਰਨੀ। ਬਸ ਉਹ ਇਨਾਮ ਵਾਲੇ ਕਾਗ਼ਜ਼ ਤੇ ਸਰਟੀਫਿਕੇਟ ਸਾਰੇ ਫੂਕ ਦਿੱਤੇ। ਬਾਰ੍ਹਾਂ ਸਾਲ ਇਸ ਸੁਰਗਾ ਪੁਰੀ ਵਿਚ ਗੁਜ਼ਾਰੇ। ਮਾਤਾ ਦੀਆਂ ਘਰੋਂ ਚਿੱਠੀਆਂ ਆਈਆਂ ਬੱਚਾ ਸਾਉਣ ਸਿੰਘ ਇਕ ਵਾਰ ਆ ਫਿਰ ਭਾਵੇਂ ਚਲਾ ਜਾਵੀਂ। ਸਤਿਗੁਰਾਂ ਪਾਸੋਂ ਆਗਿਆ ਲੈ ਬੇਬੇ ਨੂੰ ਮਿਲਣ ਵਾਸਤੇ ਟੁਰ ਪਿਆ।

ਜਦੋਂ ਮੈਂ ਜਮਸ਼ੇਰ ਪੁੱਜਾ ਮਾਤਾ ਦੇ ਦਰਸ਼ਨ ਕੀਤੇ। ਮਾਤਾ ਮੈਨੂੰ ਵੇਖ ਏਨੀ ਖ਼ੁਸ਼ ਹੋਈ ਜਿੰਨੀ ਮਾਤਾ ਇੱਛਰਾਂ ਨੂੰ ਬਾਰ੍ਹਾਂ ਵਰ੍ਹਿਆਂ ਪਿੱਛੋਂ ਪੂਰਨ ਨੂੰ ਮਿਲ ਕੇ।

ਮਾਤਾ ਨੇ ਮੇਰਾ ਮੂਹ ਮੱਥਾ ਚੁੰਮਿਆ ਤੇ ਹੰਝੂ ਕੇਰਦਿਆਂ ਕਿਹਾ, "ਵੇ ਬੱਚਾ! ਤੂੰ ਲਾਮੋਂ ਆ ਕੇ ਸ੍ਰੀ ਭੈਣੀ ਸਾਹਿਬ ਡੇਰੇ ਲਾ ਲਏ। ਮੈਨੂੰ ਔਂਤਰੀ ਨੂੰ ਆਕੇ ਮਿਲ ਜਾਂਦੋਂ।" ਇਕ ਥੱਬਾ ਚਿੱਠੀਆਂ ਮੇਰੇ ਅੱਗੇ ਸੁੱਟ ਦਿੱਤੀਆਂ ਤੇ ਕਿਹਾ, "ਵੇਖ ਮੈਂ ਕਿੰਨੀ ਵਾਰੀ ਤੈਨੂੰ ਯਾਦ ਕੀਤਾ ਹੈ ਲੋਕ ਮੁਰਬਿਆਂ ਵਾਲੇ ਬਣ ਬੈਠੇ ਤੂੰ ਸਾਹਿਬ ਨੂੰ ਮਿਲਕੇ ਘਰ ਨੂੰ ਚਾਰ ਚੰਨ ਲਾ।" ਹੁਣ ਪੁੱਤ ਸਿਆਣਾ ਬਣ, ਸਰਕਾਰ ਦੀ ਨੌਕਰੀ ਕੀਤੀ ਲੋਕ ਜਗੀਰਾਂ ਵਾਲੇ ਬਣ ਗਏ ਹਨ। ਜਾ ਤੂੰ ਵੀ ਆਪਣੀ ਮਿਹਨਤ ਦਾ ਫਲ ਲਿਆ।" ਬੇਬੇ ਉਹ ਵਣਜਾਰਾ ਲਦ ਗਿਆ, ਹੁਣ ਮੇਰੀ ਕੋਈ ਸੜੀ ਸਰਕਾਰ ਨਹੀਂ। ਮੈਂ ਸੱਚੀ ਸਰਕਾਰ ਦੀ ਨੌਕਰੀ ਕਰ ਲਈ ਹੈ। ਹੁਣ ਜੋ ਮੰਗਣਾ ਹੋਇਆ, ਇਸੇ ਪਾਸੋਂ ਮੰਗਾਂਗਾ, "ਝੂਠੀ ਸਰਕਾਰ ਪਾਸੋਂ ਕੀ ਮੰਗਣਾ ਹੈ?"

ਦਾਤਾ ਉਹ ਨ ਮੰਗੀਐ, ਫਿਰ ਮੰਗਣ ਜਾਈਐ।

"ਨਾਲੇ ਬੇਬੇ ਦੋ ਸਰਕਾਰਾਂ ਦੀ ਨੌਕਰੀ ਨਹੀਂ ਹੋ ਸਕਦੀ ਜਦੋਂ ਅੰਗਰੇਜ਼ ਦੇ ਨੌਕਰ ਸਾਂ, ਇਧਰ ਫੇਰਾ ਪਾਉਣਾ ਔਖਾ ਸੀ, ਹੁਣ ਸਤਿਗੁਰੂ ਰਾਮ ਸਿੰਘ ਜੀ ਦੀ ਨੌਕਰੀ ਵਿਚ ਆ ਗਏ ਹਾਂ, ਉਸ ਨਾਲ ਹੁਣ ਦੂਰ ਦਾ ਵੀ ਵਾਸਤਾ ਨਹੀਂ ਰਿਹਾ। ਅੰਗਰੇਜ਼ਾਂ ਦੀ ਨੌਕਰੀ ਕਰਨ ਵਾਲਾ ਸਾਉਣ ਸਿੰਘ ਉੱਥੇ ਹੀ ਮਰ ਗਿਆ। ਹੁਣ ਸਾਉਣ ਸਿੰਘ ਕੂਕਾ ਹੈ; ਕੂਕੇ ਦਾ ਅੰਗਰੇਜ਼ ਦਾ ਕੋਈ ਵਾਸਤਾ ਨਹੀਂ, ਕੂਕਾ ਭਾਵੇਂ ਅੰਗਰੇਜ਼ ਦਾ ਦੁਸ਼ਮਣ ਨਹੀਂ ਪਰ ਕੂਕਾ ਅੰਗਰੇਜ਼ ਦੇ ਰਾਜ ਦਾ ਖ਼ਾਤਮਾ ਚਾਹੁੰਦਾ ਹੈ। ਸਤਿਗੁਰਾਂ ਦਾ ਹੁਕਮ ਹੈ, ਅੰਗਰੇਜ਼ ਨਾਲ ਬਾਈਕਾਟ।" "ਵੇ ਬਸ ਕਰ, ਕੀ ਬਾਈਕਾਟ, ਬਾਈਕਾਟ ਲਾਇਆ ਹੋਇਆ ਈ।" ਬੇਬੇ ਆਖਿਆ ਜੁ ਏ ਅੰਗਰੇਜ਼ ਨਾਲ ਬਾਈਕਾਟ। ਤੇਰੀ ਕਾਟ ਹੋ ਜਾਵੇ, ਬਾਈਕਾਟ ਨਹੀਂ ਟੁੱਟ ਸਕਦਾ।

ਇਕ ਦਿਨ ਕਲਗੀ ਵਾਲੇ ਪਾਸੋਂ
ਪਰੇਮ ਸੁਰਾਹੀ ਪੀਤੀ ।
ਪਿਛਲੀ ਉਮਰ ਗੁਨਾਹੀ ਬੀਤੀ,
ਹਰਿ ਕੀ ਭਗਤਿ ਨ ਕੀਤੀ ।
ਅਗੋਂ ਸਮਝ ਚਲੋ ਨੰਦ ਲਾਲਾ,
ਪਿਛੇ ਜੋ ਬੀਤੀ ਸੋ ਬੀਤੀ ।

ਗਲੀ ਗੁਆਂਢ ਵੀ ਕਹਿਣ ਲੱਗ ਪਿਆ ਸਾਉਣ ਸਿੰਘ ਦਾ ਸਿਰ ਪਾਣੀ ਪਾ ਪਾ ਫਿਰ ਗਿਆ ਏ। ਇਨ੍ਹਾਂ ਜ਼ਮੀਨਾਂ ਵਾਸਤੇ ਭਰਾ ਭਰਾ ਨਾਲ ਲੜਦਾ ਏ, ਬਾਦਸ਼ਾਹੀ ਬਾਦਸ਼ਾਹੀ ਨਾਲ ਲੋਹਾ ਲੈਂਦੀ ਏ, ਰੱਬ ਛਤ ਪਾੜ ਧਨ ਦੇ ਰਿਹਾ ਏ, ਇਹ ਉਸ ਪਾਸੇ ਧਿਆਨ ਨਹੀਂ ਦੇਂਦਾ।

ਪਿੰਡ ਦਾ ਨੰਬਰਦਾਰ ਸ: ਨਰੈਣ ਸਿੰਘ ਵੀ ਆ ਗਿਆ, ਉਸ ਨੀਤੀ ਨਾਲ ਬਚਨ ਕੀਤਾ: "ਸਾਉਣ ਸਿੰਘ ਡੁੱਲ੍ਹੇ ਬੇਰਾਂ ਦਾ ਅਜੇ ਕੁਝ ਨਹੀਂ ਵਿਗੜਿਆ। ਚਲ ਮੈਂ ਤੇਰੇ ਨਾਲ ਚਲਦਾ ਹਾਂ। ਚਲ, ਮੁਰੱਬੇ ਲੈ, ਇਨਾਮ ਲੈ ਐਵੇਂ ਕਮਲੀਆਂ

ਨਾ ਮਾਰ। ਤੇਰੀਆਂ ਪੀੜ੍ਹੀਆਂ ਦਾ ਕਾਲ ਕੱਟਿਆ ਜਾਵੇਗਾ ਤੇ ਜਿਹੜਾ ਤੇਰਾ ਖ਼ਿਆਲ ਹੈ ਕਿ ਅੰਗਰੇਜ਼ਾਂ ਨੂੰ ਕੱਢਾਂਗਾ, ਇਹ ਗੱਲਾਂ ਕਰਨੀਆਂ ਤਾਂ ਮੂਰਖਾਂ ਦੇ ਸੁਰਗਾਂ ਵਿਚ ਵਾਸਾ ਹੋਣ ਵਾਲੀ ਗੱਲ ਹੈ। ਅੰਗਰੇਜ਼ਾਂ ਦੇ ਰਾਜ ਵਿਚ ਤਾਂ ਸੂਰਜ ਉਸ ਪਾਸੋਂ ਪੁੱਛ ਕੇ ਚੜ੍ਹਦਾ ਹੈ, ਇਹ ਕੂਕੇ ਕਿਸ ਬਾਗ਼ ਦੀ ਮੂਲੀ ਹਨ। ਜਿਦਣ ਤੇਰੇ ਸਿਰੋਂ ਸ਼ਰਧਾ ਦਾ ਭੂਤ ਉੱਤਰ ਗਿਆ, ਉਦਣ ਦੁਹੱਥੀਂ ਪਿੱਟੇਂਗਾ, ਘਰ ਉਦੋਂ ਕੁਝ ਨਹੀਂ ਬਣਨਾ, ਜਦੋਂ ਚਿੜੀਆਂ ਨੇ ਖੇਤ ਨੂੰ ਚੂੰਡ ਲਿਆ।''

''ਸਰਦਾਰਾ! ਤੇਰੀ ਬੋਲੀ ਤੇ ਮੇਰੀ ਬੋਲੀ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਏ। ਜਦੋਂ ਮੈਂ ਅੰਗਰੇਜ਼ ਦਾ ਲੂਣ ਖਾਂਦਾ ਸਾਂ ਤਾਂ ਮੈਂ ਵੀ ਇਹੋ ਰਾਗ ਅਲਾਪਦਾ ਸਾਂ। ਹੁਣ ਗੁਰੂ ਰਾਮ ਸਿੰਘ ਨੇ ਮਿਹਰਾਂ ਦੇ ਭੰਡਾਰ ਖੋਲ੍ਹ ਦਿੱਤੇ ਜਨਮ ਜਨਮਾਂਤਰਾਂ ਦੀ ਭੁੱਖ ਕੱਢ ਦਿੱਤੀ, ਹੁਣ ਮੈਂ ਨਿਕਲੇ ਪਿੰਜਰੇ ਵਿਚ ਫੱਸਣ ਲਈ ਤਿਆਰ ਨਹੀਂ।''

''ਜ਼ਰਾ ਹੋਸ਼ ਕਰ ਇਹ ਵੇਲਾ ਹੱਥ ਨਹੀਂ ਆਉਣਾ, ਤੇਰੇ ਨਾਲ ਦੇ ਰਾਜੇ ਬਣੇ ਬੈਠੇ ਨੇ। ਉਹਨਾਂ ਦੇ ਘਰਾਂ ਦੇ ਲਾਗਿਓਂ ਲੰਘਿਆਂ ਛਣਨ ਛਣਨ ਦੀ ਆਵਾਜ਼ ਆਉਂਦੀ ਏ। ਤੂੰ ਘੱਟਾ ਛਾਣਦਾ ਫਿਰਦਾ ਏਂ।''

''ਇਹ ਨਹੀਂ ਹੋ ਸਕਦਾ, ਜਿਸ ਬਿਲੇ ਸਾਡਾ ਦੇਸ਼ ਗ਼ੁਲਾਮ ਕੀਤਾ, ਜਿਸ ਬਿਲੇ ਸੂਰਜ ਦੇ ਮੋਢੀ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸੋਂ ਵਿਦੇਸ ਘੱਲਿਆ, ਜਿਸ ਬਿਲੇ ਬਿਨਾ ਪੁਣ ਛਾਣ ਕੀਤੇ ਸਿੰਘਾਂ ਨੂੰ ਤੋਪਾਂ ਨਾਲ ਉਡਾਇਆ, ਜਿਸ ਬਿਲੇ ਭੈਣੀ ਸਾਹਿਬ ਦੀ ਪਵਿੱਤ੍ਰ ਧਰਤੀ ਤੇ ਹੁਕਿਆਂ ਦੇ ਨਸ਼ਈਆਂ ਨੂੰ ਬਿਠਾਈ ਰੱਖਿਆ, ਜਿਸ ਬਿਲੇ ਦੂਜੇ ਦੇਸ਼ਾਂ ਦੀਆਂ ਗ਼ੁਲਾਮੀ ਦੀਆਂ ਜ਼ੰਜੀਰਾਂ ਪੱਕੀਆਂ ਕਰਨ ਹਿੱਤ, ਹਿੰਦੁਸਤਾਨੀਆਂ ਹੱਥੋਂ ਖ਼ੂਨ ਕਰਵਾਇਆ, ਜਿਸ ਬਿਲੇ ਜਲ੍ਹਿਆਂਵਾਲੇ ਬਾਗ਼ ਦੀ ਧਰਤੀ ਨੂੰ ਘੜੀਆਂ ਪਲਾਂ ਵਿਚ ਨਿਹੱਥੇ ਤੇ ਬੇਦੋਸ਼ੇ ਮਰਦਾਂ ਤੀਵੀਆਂ ਬੁੱਢਿਆਂ ਤੇ ਬੱਚਿਆਂ ਦੇ ਲਹੂ ਨਾਲ ਰੰਗ ਦਿੱਤਾ, ਉਸ ਬਿਲੇ ਪਾਸੋਂ ਇਨਾਮ ਲਵਾਂ, ਇਕ, ਦੋ, ਤਿੰਨ, ਕੂਕਾ ਸਾਉਣ ਸਿੰਘ ਹੱਥ ਨਹੀਂ ਅੱਡ ਸਕਦਾ।''

''ਭੋਲਿਆ, ਤੂੰ ਹੱਥ ਥੋੜੇ ਅੱਡਣੇ ਨੇ। ਤੂੰ ਬਹਾਦਰੀ ਕੀਤੀ। ਤੂੰ ਜਾਨ ਰੋਲੀ ਉਸ ਦਾ ਸਿਲਾ ਮਿਲਦਾ ਹੈ, ਤੂੰ ਮੰਗ ਥੋੜਾ ਰਿਹਾ ਏਂ।''

ਮੈਂ ਗੋਰੇ ਦੀ ਨੌਕਰੀ ਕੀਤੀ, ਦੇਸ਼ ਨਾਲ ਗ਼ਦਾਰੀ ਕੀਤੀ, ਵਤਨ ਨਾਲ ਧ੍ਰੋਹ ਕਮਾਇਆ। ਉਸ ਦੇ ਇਸ਼ਾਰੇ ਤੇ ਮਾਸੂਮਾਂ ਦਾ ਖ਼ੂਨ ਡੋਲ੍ਹਿਆ। ਮੈਂ ਘੋਰ ਪਾਪ ਕੀਤਾ, ਹੇ ਰੱਬੀ ਸ਼ਕਤੀਓ ਮੈਨੂੰ ਬਖਸ਼ਾਓ।''

''ਇਨ੍ਹਾਂ ਦਿਨੀਂ ਰਖ ਸਾਹਿਬ ਜਨਰਲ ਕਰਨਲ ਟੇਲਰ ਸਾਹਿਬ ਦਾ ਭਰਾ ਲਾਹੌਰ ਲੱਗਾ ਹੋਇਆ ਸੀ। ਉਸ ਵੱਲੋਂ ਵੀ ਉਚੇਚੀਆਂ ਦੋ ਤਿੰਨ ਚਿੱਠੀਆਂ ਆਈਆਂ ਤੇ ਲਿਖ ਭੇਜਿਆ, 'ਸਾਉਣ ਸਿੰਘ! ਏਕ ਬਾਰ ਆਓ। ਸਰਕਾਰ ਟੁਮ ਪਰ ਖੁਸ਼ ਏ ਬਹੁਤ ਬੜਾ ਇਨਾਮ ਦੇਗਾ।' ਪਰ ਮੇਰੇ ਵੱਲੋਂ ਇੱਕੋ ਉੱਤਰ ਸੀ ਕਿ ਮੈਨੂੰ ਇਨਾਮ ਦੇਣ ਵਾਲਾ ਸਤਿਗੁਰੂ ਰਾਮ ਸਿੰਘ ਮਿਲ ਗਿਆ ਹੈ, ਕਿਸੇ ਜੜੇ ਜਰਨੈਲ ਦੀ ਤੇ ਗੜੇ ਗਵਰਨਰ ਦੀ ਲੋੜ ਨਹੀਂ ਰਹੀ। ਵੱਡੇ ਵੱਡੇ

ਜਰਨੈਲ ਤੇ ਰਾਜੇ ਮਹਾਰਾਜੇ ਇਸ ਦੇ ਘੋੜਿਆਂ ਦੀ ਲਿਦ ਸੁਟ ਕੇ, ਗਲੀਆਂ ਵਿਚ ਝਾੜੂ ਦੇ ਕੇ ਚਰਨਾਂ ਦੀ ਧੂੜੇ ਮੱਥੇ ਲਾ ਕੇ ਧੰਨ ਭਾਗ ਜਾਣਦੇ ਹਨ। ਮੇਰੇ ਜਰਨੈਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਹਨ।"

ਰਖ ਸਾਹਿਬ ਵੱਲੋਂ ਆਖ਼ਰੀ ਚਿੱਠੀ ਥਾਣੇਦਾਰ ਰਾਹੀਂ ਆਈ। ਥਾਣੇਦਾਰ ਅਤਰਦੀਨ ਆਪ ਘਰ ਆਇਆ। ਉਸ ਵੀ ਬਥੇਰੇ ਪਾਪੜ ਵੇਲੇ, ਪਰ ਉਸਦਾ ਜਾਦੂ ਵੀ ਨਾ ਚਲਿਆ। ਅੰਤ ਤੰਗ ਆਕੇ ਕਿਹਾ, "ਜੱਟਾ! ਤੇਰੇ ਭਾਗ ਖੋਟੇ ਨੇ। ਤੇਰੀ ਮਤ ਟਿਕਾਣੇ ਨਹੀਂ ਰਹੀ। ਇਨ੍ਹਾਂ ਸਦਿਆਂ ਨੂੰ ਸਰਦਾਰ ਬਹਾਦਰ, ਰਾਏ ਬਹਾਦਰ ਖਾਨ ਬਹਾਦਰ ਤਰਸਦੇ ਹਨ। ਘਰ ਆਈ ਦੌਲਤ ਤਾਂ ਸਾਧੂ ਮਹਾਤਮਾ ਨਹੀਂ ਮੋੜਦੇ, ਤੇਰੇ ਘਰ ਲਛਮੀ ਆਪ ਆ ਰਹੀ ਏ, ਤੂੰ ਤਾਂ ਬੜਾ ਬਦ ਕਿਸਮਤ ਏਂ ਪਛਤਾਵੇਂਗਾ"।

"ਥਾਣੇਦਾਰ ਸਾਹਿਬ! ਅਸਾਂ ਹੁਣ ਗੋਰਿਆਂ ਪਾਸੋਂ ਮੁਰੱਬੇ ਨਹੀਂ ਲੈਣੇ, ਇਨਾਮਾਂ ਤੇ ਅੱਖ ਨਹੀਂ ਰਖਣੀ, ਹੁਣ ਤਾਂ ਜਿਦਣ ਲਵਾਂਗੇ, ਰਾਜ ਲਵਾਂਗੇ ਰਾਜ। ਬਸ ਹੁਣੇ ਹੋਰ ਕੁਝ ਨਾ ਆਖੀ।"

"ਤੈਨੂੰ ਹੱਥਕੜੀ ਲਾ ਕੇ ਲੈ ਜਾਵਾਂਗਾ, ਮੈਨੂੰ ਪੂਰਾ ਅਖ਼ਤਿਆਰ ਹੈ"। "ਅੱਗੇ ਕੂਕਿਆਂ ਨੂੰ ਕਿਹੜੀਆਂ ਹੱਥਕੜੀਆਂ ਨਹੀਂ ਲੱਗੀਆਂ ਬੇੜੀਆਂ ਨਹੀਂ ਲੱਗੀਆਂ। ਸਾਡਾ ਤਾਂ ਸਮਾਂ ਹੀ ਇਨ੍ਹਾਂ ਗਹਿਣਿਆਂ ਨਾਲ ਖੇਡਦਿਆਂ ਲੰਘਿਆ ਹੈ, ਮੈਂ ਜੀ ਹਜ਼ੂਰੀਆ ਨਹੀਂ ਬਣ ਸਕਦਾ, ਮੈਂ ਕੂਕਾ ਹਾਂ ਤੇ ਕੂਕਾ ਰਹਾਂਗਾ, ਤੂੰ ਕੂਕਿਆਂ ਬਾਰੇ ਨਹੀਂ ਸੁਣਿਆ? ਤੁਹਾਡੇ ਕਾਗ਼ਜ਼ਾਂ ਵਿਚ ਲਿਖਿਆ ਹੈ:-

ਕੂਕਾ ਝੂਠ ਨਹੀਂ ਬੋਲਦਾ,
ਕੂਕਾ ਸ਼ਰਾਬ ਨਹੀਂ ਪੀਂਦਾ,
ਕੂਕਾ ਅੰਗਰੇਜ਼ ਦਾ ਵਫ਼ਾਦਾਰ ਨਹੀਂ"।

❑